ISSN : 2395-1273

# ਸੰਵਾਦ

www.sanvad.org

21 ਵਾਂ ਅੰਕ
ਜਨਵਰੀ-ਜੂਨ 2025



Refugee Women (S.L. Prashar) Partition Museum

ESTD. 1892

ਪੰਜਾਬੀ ਅਧਿਐਨ ਵਿਭਾਗ
ਖ਼ਾਲਸਾ ਕਾਲਜ ਅੰਮ੍ਰਿਤਸਰ

ਛਿਮਾਹੀ ਖੋਜ ਰਸਾਲਾ

ਜਨਵਰੀ-ਜੂਨ 2025
ਅੰਕ-21ਵਾਂ

ਸਰਪ੍ਰਸਤ

ਡਾ. ਅਰਵਿੰਦਰ ਕੌਰ ਕਾਹਲੋਂ
ਪ੍ਰਿੰਸੀਪਲ (ਕਾਰਜਕਾਰੀ)
ਖ਼ਾਲਸਾ ਕਾਲਜ ਅੰਮ੍ਰਿਤਸਰ

ਮੁੱਖ ਸੰਪਾਦਕ

ਡਾ. ਆਤਮ ਸਿੰਘ ਰੰਧਾਵਾ

ISSN : 2395-1273

# ਸੰਵਾਦ

ਪੰਜਾਬੀ ਰੈਫ਼ਰੀਡ ਰਿਸਰਚ ਜਰਨਲ

*A Peer Reviewed Punjabi Research Journal*

ਯੂ.ਜੀ.ਸੀ. ਦੀ 'ਅਕਾਦਮਿਕ ਅਤੇ ਖੋਜ ਨੈਤਿਕਤਾ ਸੰਸਥਾ' ਵੱਲੋਂ ਪ੍ਰਵਾਨਿਤ



ESTD. 1892

ਪੋਸਟ ਗ੍ਰੈਜੂਏਟ ਪੰਜਾਬੀ ਅਧਿਐਨ ਵਿਭਾਗ

**ਖ਼ਾਲਸਾ ਕਾਲਜ ਅੰਮ੍ਰਿਤਸਰ-143002**

// Sanvad

**(Dialogic)**

**PUNJABI REFEREED RESEARCH JOURNAL**

Bi- Annual

A Peer Reviewed Punjabi Research Journal of the Post-Graduate Department of Punjabi Studies, Khalsa College, Amritsar.

**(UGC-CARE APPROVED JOURNAL)**

Email : sanvadpunjabi@gmail.com, www.sanvad.org

**Patron :** *Dr. A. K. Kahlon* **+91 98724-56833**

**Chief Editor:** *Dr. Atam Singh Randhawa* **+91 98722-17273**

**ISSN : 2395-1273**

**January-June 2025**

**ਸਲਾਹਕਾਰ ਬੋਰਡ**

**ਡਾ. ਮਹਿਲ ਸਿੰਘ**

ਵਾਈਸ ਚਾਂਸਲਰ, ਖ਼ਾਲਸਾ ਯੂਨੀਵਰਸਿਟੀ, ਅੰਮ੍ਰਿਤਸਰ

**ਪ੍ਰੋ. (ਡਾ.) ਰਮਿੰਦਰ ਕੌਰ, ਸਾਬਕਾ ਮੁਖੀ**

ਪੰਜਾਬੀ ਅਧਿਐਨ ਸਕੂਲ, ਗੁਰੂ ਨਾਨਕ ਦੇਵ ਯੂਨੀਵਰਸਿਟੀ, ਅੰਮ੍ਰਿਤਸਰ

**ਪ੍ਰੋ. (ਡਾ.) ਸੁਰਜੀਤ ਸਿੰਘ**

ਪੰਜਾਬੀ ਵਿਭਾਗ, ਪੰਜਾਬੀ ਯੂਨੀਵਰਸਿਟੀ, ਪਟਿਆਲਾ

**ਪ੍ਰੋ. (ਡਾ.) ਯੋਗਰਾਜ ਅੰਗਰਿਸ਼, ਮੁਖੀ**

ਪੰਜਾਬੀ ਵਿਭਾਗ, ਪੰਜਾਬ ਯੂਨੀਵਰਸਿਟੀ, ਚੰਡੀਗੜ੍ਹ

**ਪ੍ਰੋ. (ਡਾ.) ਰਵੀ ਰਵਿੰਦਰ**

ਪੰਜਾਬੀ ਵਿਭਾਗ, ਦਿੱਲੀ ਯੂਨੀਵਰਸਿਟੀ, ਦਿੱਲੀ

**ਪ੍ਰੋ. (ਡਾ.) ਕੁਲਵੀਰ ਗੋਜਰਾ, ਮੁਖੀ**

ਪੰਜਾਬੀ ਵਿਭਾਗ, ਦਿੱਲੀ ਯੂਨੀਵਰਸਿਟੀ, ਦਿੱਲੀ

**ਪ੍ਰੋ. (ਡਾ.) ਗੁਰਮੁਖ ਸਿੰਘ, ਮੁਖੀ**

ਪੰਜਾਬੀ ਵਿਭਾਗ, ਪੰਜਾਬੀ ਯੂਨੀਵਰਸਿਟੀ, ਪਟਿਆਲਾ

**ਡਾ. ਕੁਲਵੰਤ ਸਿੰਘ, ਸਾਬਕਾ ਪ੍ਰੋਫੈਸਰ**

ਲਾਇਲਪੁਰ ਖ਼ਾਲਸਾ ਕਾਲਜ, ਜਲੰਧਰ

ਅਕਾਦਮਿਕ ਸਹਿਯੋਗ : ਸਮੂਹ ਸਟਾਫ਼ ਪੰਜਾਬੀ ਅਧਿਐਨ ਵਿਭਾਗ, ਖ਼ਾਲਸਾ ਕਾਲਜ, ਅੰਮ੍ਰਿਤਸਰ

**ਨੋਟ: ਲੇਖਕ ਆਪਣੇ ਵਿਚਾਰਾਂ ਲਈ ਖ਼ੁਦ ਜ਼ਿੰਮੇਵਾਰ ਹੈ।**

**ਚੰਦਾ ਭੇਜਣ ਤੇ ਮਿਲਣ ਦਾ ਪਤਾ**

**ਪ੍ਰਿੰਸੀਪਲ**

**ਖ਼ਾਲਸਾ ਕਾਲਜ, ਅੰਮ੍ਰਿਤਸਰ**

khalsacollegeamritsar@yahoo.com

www.khalsacollege.edu.in

**ਚੰਦਾ**

| | |
|---|---|
| **ਜੀਵਨ ਮੈਂਬਰ** | : ₹ 3000 |
| **ਪੰਜ ਸਾਲਾ** | : ₹ 1800 |
| **ਇਹ ਅੰਕ** | : ₹ 200 |

Online Payment: **A/c : 3397000100467796 IFSC : PUNB0339700**

Punjab National Bank Kot Khalsa, Amritsar

**© Principal, Khalsa College Amritsar**

**'ਸੰਵਾਦ'** ਪੰਜਾਬੀ ਰਿਸਰਚ ਜਰਨਲ, ਖ਼ਾਲਸਾ ਕਾਲਜ ਅੰਮ੍ਰਿਤਸਰ ਦੇ ਪੋਸਟ ਗ੍ਰੈਜੂਏਟ ਪੰਜਾਬੀ ਅਧਿਐਨ ਵਿਭਾਗ ਵੱਲੋਂ ਪ੍ਰਿੰਟਵੈੱਲ, 146, ਇੰਡਸਟ੍ਰੀਅਲ ਫ਼ੋਕਲ ਪੁਆਇੰਟ, ਅੰਮ੍ਰਿਤਸਰ ਤੋਂ ਛਪਵਾ ਕੇ ਪ੍ਰਕਾਸ਼ਿਤ ਕੀਤਾ ।

# ਸੰਵਾਦ

**ਪੰਜਾਬੀ ਰੈਫ਼ਰੀਡ ਖੋਜ ਰਸਾਲਾ**

**ਛਿਮਾਹੀ**

**ਸਾਲ - 11ਵਾਂ, ਅੰਕ - 21ਵਾਂ ||| ਜਨਵਰੀ-ਜੂਨ 2025**

## ਤਤਕਰਾ


- **ਸੰਪਾਦਕੀ** 5
- **ਕੁਆਂਟਮ ਕਾਵਿ-ਸ਼ਾਸਤਰ** 9
  ਅਮਰਜੀਤ ਸਿੰਘ ਗਰੇਵਾਲ
- **ਤੂਤਾਂ ਵਾਲਾ ਖੂਹ : ਸਮਾਜ-ਇਤਿਹਾਸ ਦਾ ਗਲਪੀ ਦਸਤਾਵੇਜ਼** 16
  ਡਾ. ਮਹਿਲ ਸਿੰਘ
- **ਦੇਸ਼ ਵੰਡ ਦਾ ਪੰਜਾਬ ਦੇ ਅਰਥਚਾਰੇ ਉਪਰ ਪ੍ਰਭਾਵ : ਇਕ ਸੰਖੇਪ ਵਿਸ਼ਲੇਸ਼ਣ** 22
  ਡਾ. ਰਣਜੀਤ ਸਿੰਘ ਘੁੰਮਣ
- **ਪੰਜਾਬ ਵੰਡ (1947) : ਭੂਗੋਲ, ਆਰਥਿਕਤਾ ਅਤੇ ਕਿਸਾਨੀ ਉੱਪਰ ਪ੍ਰਭਾਵ** 28
  ਡਾ. ਸੁਖਦੇਵ ਸਿੰਘ ਸੋਹਲ
- **ਡਾ. ਸੋਹਿੰਦਰ ਸਿੰਘ ਵਣਜਾਰਾ ਬੇਦੀ : ਪੰਜਾਬੀ ਲੋਕਧਾਰਾ ਦਾ ਭਰ ਵਹਿੰਦਾ ਦਰਿਆ** 36
  ਡਾ. ਜਸਵਿੰਦਰ ਸਿੰਘ
- **ਸਰੋਦ ਸੁਦੀਪ : ਸਗਲ ਸਰੂਪ ਦਾ ਸੰਕੇਤੀ ਸੰਚਾਰ** 44
  ਡਾ. ਸਰਬਜੀਤ ਸਿੰਘ
- **ਪੰਜਾਬ ਦੀ ਵੰਡ : ਇਕ ਤ੍ਰਾਸਦੀ ਦੇ ਛੇ ਅਧਿਆਇ** 55
  ਡਾ. ਅਮਨਪ੍ਰੀਤ ਸਿੰਘ ਗਿੱਲ
- **ਉਤਰ-ਆਧੁਨਿਕ ਦੌਰ ਦਾ ਨਾਰੀਵਾਦ ਅਤੇ ਸਮਕਾਲੀ ਪੰਜਾਬੀ ਕਹਾਣੀ** 63
  ਡਾ. ਪਰਮਜੀਤ ਕੌਰ ਸਿੱਧੂ
- **ਬਾਰਹਮਾਹ ਤੁਖਾਰੀ : ਵਿਯੋਗ-ਗ੍ਰਸਤ ਇਸਤਰੀ ਦੀ ਵੇਦਨਾ ਦਾ ਕਾਵਿ-ਕਥਨ** 69
  ਡਾ. ਪਰਮਿੰਦਰ ਸਿੰਘ
- **ਧੁਨੀ ਸਿਧਾਂਤ ਦੇ ਪ੍ਰਸੰਗ ਵਿਚ 'ਹੀਰ ਵਾਰਿਸ' ਦਾ ਵਿਸ਼ਲੇਸ਼ਣ** 75
  ਡਾ. ਰਜਨੀ ਬਾਲਾ
- **ਪਾਂਧੀ ਨਨਕਾਣਵੀਂ ਦੇ ਨਾਟਕ : 'ਰਾਤ ਵੇਲੇ ਸਰਘੀ ਵੇਲੇ' ਦੀਆਂ ਸੰਵਾਦੀ ਜੁਗਤਾਂ** 84
  ਨਿੰਦਰਪਾਲ ਸਿੰਘ ਅਤੇ ਡਾ. ਨਛੱਤਰ ਸਿੰਘ

❒ **ਸਾਹਿਤਕ ਬਿਰਤਾਂਤ, ਡਿਜੀਟਲ ਸੰਚਾਰ ਅਤੇ ਸੱਤਾ** 91
ਡਾ. ਸਰਬਜੀਤ ਸਿੰਘ

❒ **ਡਾ. ਜੋਗਿੰਦਰ ਸਿੰਘ ਰਾਹੀ ਦਾ ਨਾਵਲ ਚਿੰਤਨ ਅਤੇ ਸਮਕਾਲੀ ਪੰਜਾਬੀ ਨਾਵਲ ਆਲੋਚਨਾ** 97
ਡਾ. ਪ੍ਰਕਾਸ਼ ਸਿੰਘ

❒ **ਗਾਈਤਰੀ ਚੱਕਰਵਰਤੀ ਸਪੀਵਾਕ ਦਾ ਸਬਾਲਟਰਨ ਪਰਿਪੇਖ** 112
ਡਾ. ਸਤਵੀਰ ਸਿੰਘ

❒ **ਅੱਲਾਮਾ ਇਕਬਾਲ ਦੀ ਪੰਜਾਬੀਅਤ : ਆਲੋਚਨਾਤਮਕ ਦ੍ਰਿਸ਼ਟੀਕੋਣ** 124
ਡਾ. ਗੁਰਪ੍ਰੀਤ ਸਿੰਘ ਸੋਢੀ

❒ **ਲਾਹੌਰ ਦਾ ਪਾਗਲਖਾਨਾ : ਦੇਸ਼-ਵੰਡ ਬਾਰੇ ਇਕ ਮਹੱਤਵਪੂਰਨ ਦਸਤਾਵੇਜ਼** 128
ਡਾ. ਰੁਪਿੰਦਰ ਕੌਰ

❒ **ਲੈਵਿਸ ਹੈਨਰੀ ਮਾਰਗਨ ਦਾ ਚਿੰਤਨ : 'ਪੁਰਾਤਨ ਸਮਾਜ' ਦੇ ਪ੍ਰਸੰਗ ਵਿਚ** 131
ਦਲਜੀਤ ਕੌਰ

❒ **ਵਾਰਿਸ ਸ਼ਾਹ ਰਚਿਤ 'ਹੀਰ' ਵਿਚ ਛੰਦ, ਤਾਲ, ਰਾਗ ਅਤੇ ਰਸ ਦਾ ਅੰਤਰ-ਸਬੰਧ** 138
ਡਾ. ਪਵਨ ਸਰਵਰ

❒ **ਕਸ਼ਮੀਰ ਸੰਕਟ, ਇਤਿਹਾਸ ਅਤੇ ਸਮਕਾਲ ਨਾਲ ਸਬੰਧਤ ਪੰਜਾਬੀ ਨਾਵਲ ਸਮਾਜ ਸਭਿਆਚਾਰਕ ਪਰਿਪੇਖ** 147
ਕੁਲਜੀਤ ਸਿੰਘ

❒ **ਸੁਖਜੀਤ ਦਾ ਕਹਾਣੀ ਜਗਤ : ਵਸਤੂ ਅਤੇ ਵਿਧੀ** 156
ਡਾ. ਨਵਜੋਤ ਕੌਰ

**ਪੁਸਤਕ ਰੀਵਿਊ :**

- **ਚੁਰਾਸੀ ਲੱਖ ਯਾਦਾਂ (ਨਾਵਲ)/ਜਸਬੀਰ ਮੰਡ** : ਡਾ. ਮਹਿਲ ਸਿੰਘ 163
- **ਪਰਛਾਵਿਆਂ ਦੀ ਜੂਨ ਭੋਗਦੇ ਅਕਾਰਾਂ ਦਾ ਧੁਰਦੇਸ : ਚੁਰਾਸੀ ਲੱਖ ਯਾਦਾਂ** : ਡਾ. ਯਾਦਵਿੰਦਰ ਸਿੰਘ 165
- **ਮਨੁ ਪੰਖੀ ਭਇਓ (ਨਾਵਲ)/ਮਨਮੋਹਨ** : ਡਾ. ਹਰਪ੍ਰੀਤ ਸਿੰਘ 168
- **ਪੰਜਾਬੀ ਸਾਹਿਤ-ਇਤਿਹਾਸ ਤੇ ਇਤਿਹਾਸਕਾਰੀ (ਆਲੋਚਨਾ)/ਡਾ. ਹਰਿਭਜਨ ਸਿੰਘ ਭਾਟੀਆ** 170
  ਡਾ. ਪਰਮਜੀਤ ਢੀਂਗਰਾ

◈


ISSN : 2395-1273

# ਪੰਜਾਬ ਦੀ ਵੰਡ
## ਇਕ ਤ੍ਰਾਸਦੀ ਦੇ ਛੇ ਅਧਿਆਇ



**ਡਾ. ਅਮਨਪ੍ਰੀਤ ਸਿੰਘ ਗਿੱਲ**

ਪ੍ਰੋਫ਼ੈਸਰ, ਸ੍ਰੀ ਗੁਰੂ ਤੇਗ਼ ਬਹਾਦਰ ਖ਼ਾਲਸਾ ਕਾਲਜ, ਨਾਰਥ ਕੈਂਪਸ, ਦਿੱਲੀ ਯੂਨਿਵਰਸਿਟੀ, ਦਿੱਲੀ
✆ 96509 32060

### ਸਾਂਝ ਅਤੇ ਵੰਡ

ਸੰਨ 2016 ਵਿਚ ਜਦ ਅੰਮ੍ਰਿਤਸਰ ਵਿਚ ਪਾਰਟੀਸ਼ਨ ਮਿਊਜ਼ੀਅਮ ਦਾ ਨਿਰਮਾਣ ਕਰਨ ਦੀ ਚਰਚਾ ਚੱਲੀ ਤਾਂ ਪ੍ਰਤੀਕਰਮ ਪਸ਼ੇਮਾਨੀ ਵਾਲਾ ਸੀ। ਵੰਡ ਦਾ ਅਨੁਭਵ ਪੰਜਾਬੀ ਲੋਕਾਈ ਲਈ ਇੰਨਾ ਦੁਖਾਂਤਕ, ਇੰਨਾ ਭਿਆਨਕ, ਸੁੰਨ ਕਰ ਦੇਣ ਵਾਲਾ ਤੇ ਸ਼ਰਮਸਾਰ ਕਰ ਦੇਣ ਵਾਲਾ ਸੀ ਕਿ ਇਸ ਨੂੰ ਭੁਲਾ ਦੇਣ ਵਿਚ ਹੀ ਭਲਾਈ ਵਾਲੀ ਗੱਲ ਜਾਪਦੀ ਸੀ।

ਵੰਡ ਨਾਲ ਜੁੜਿਆ ਦੁਖਾਂਤਕ ਅਨੁਭਵ ਕੋਈ ਇਕ ਭਾਂਤ ਦਾ ਨਹੀਂ ਸੀ ਕਿ ਬੰਦਾ ਸੀਨੇ 'ਤੇ ਪੱਥਰ ਧਰ ਕੇ ਜਰ ਲੈਂਦਾ। ਇਸ ਪੀੜ ਦੀਆਂ ਅਨੇਕਾਂ ਸ਼ਕਲਾਂ ਸਨ। ਉਜਾੜਾ, ਕਤਲ, ਬਲਾਤਕਾਰ, ਉਧਾਲਾ, ਨਮੋਸ਼ੀ, ਤੰਗੀਆਂ-ਤੁਰਸ਼ੀਆਂ, ਕਮੀਨਗੀਆਂ, ਵਿਸਾਹਘਾਤ ਤੇ ਹੈਵਾਨੀਅਤ, ਇਸ ਸਭ ਨੂੰ ਕੋਈ ਕਿਉਂ ਯਾਦ ਕਰੇ? ਇਸ ਲਈ ਮੈਂ ਕਿਸ਼ਵਰ ਦੇਸ਼ਾਈ ਨੂੰ ਜਤਾਇਆ ਕਿ ਮਿਊਜ਼ੀਅਮ ਵਿਚ ਵੰਡ ਦੇ ਅਨੁਭਵ ਦੀ ਬਜਾਇ ਅਣਵੰਡੇ ਪੰਜਾਬ ਦੀ ਸਾਂਝੀ ਰਹਿਤਲ ਨੂੰ ਯਾਦ ਕਰਨਾ ਜ਼ਿਆਦਾ ਜ਼ਰੂਰੀ ਸੀ।

ਅਣਵੰਡੇ ਪੰਜਾਬ ਵਿਚ ਸਾਂਝੀ ਰਹਿਤਲ ਕੋਈ ਅਚੰਭੇ ਵਾਲੀ ਗੱਲ ਨਹੀਂ ਸੀ। ਬੋਲੀ ਦੀ ਸਾਂਝ ਬਥੇਰੀ ਸੀ। ਰਿਹਾਇਸ਼ੀ ਅਬਾਦੀਆਂ ਆਮ ਤੌਰ 'ਤੇ ਸੰਪਰਦਾਇਕ ਵਲਗਣਾਂ ਵਿਚ ਨਹੀਂ ਵਲੀਆਂ ਸਨ। ਸੰਪਰਦਾਇਕ ਪਛਾਣ ਨੂੰ ਸੁਚੇਤ ਰੂਪ ਵਿਚ ਕਾਇਮ ਰੱਖਣ ਲਈ ਪੰਜਾਬ ਦੀ ਉਹੀ ਮੱਧਵਰਗੀ ਪੜ੍ਹੀ-ਲਿਖੀ ਜਮਾਤ ਤਤਪਰ ਸੀ ਜਿਸ ਨੂੰ ਇਸ ਪਛਾਣ ਸਦਕਾ ਅੰਗਰੇਜ਼ੀ ਰਾਜ ਦੀਆਂ ਬਰਕਤਾਂ ਵਿਚੋਂ ਹਿੱਸਾ ਮਿਲਿਆ ਸੀ ਜਾਂ ਮਿਲਣਾ ਸੀ। ਆਮ ਲੋਕਾਈ ਲਈ ਤਾਂ ਰੋਟੀ ਹੀ ਚੰਦਰਮਾ ਸੀ, ਜਿਸ ਦੀ ਮੱਧਮ ਰੌਸ਼ਨੀ ਵਿਚ ਉਹ ਜ਼ਿੰਦਗੀ ਦਾ ਹਨੇਰਾ ਕੱਟਣ ਦੀ ਕੋਸ਼ਿਸ਼ ਵਿਚ ਲੱਗੇ ਰਹਿੰਦੇ ਸਨ। ਰੋਜ਼ਾਨਾ ਜ਼ਿੰਦਗੀ ਵਿਚ ਹਿੰਦੂ ਮੁਸਲਮਾਨਾਂ ਦੀ ਸਾਂਝ ਇਕ ਸਹਿਜ ਭਾਵੀ ਅਮਲ ਸੀ, ਜਿਸ ਦਾ ਕੋਈ ਉਚੇਚਾ ਦਿਖਾਵਾ ਕਰਨ ਦੀ ਲੋੜ ਨਹੀਂ ਸੀ। ਇਸ ਸਾਂਝ ਵਿਚ ਕਿਧਰੇ-ਕਿਧਰੇ ਸੰਪਰਦਾਇਕ ਵੰਡ ਦਾ ਕੁਹਜ ਵੀ ਮੌਜੂਦ ਸੀ। ਰੇਲਵੇ ਸਟੇਸ਼ਨਾਂ ਉੱਪਰ ਹਿੰਦੂ ਪਾਣੀ, ਮੁਸਲਮਾਨ ਪਾਣੀ ਦੇ ਕੁੱਜੇ ਅੰਗਰੇਜ਼ੀ ਨਿਜ਼ਾਮ ਦੀ ਸੰਪਰਦਾਇਕ ਫਰਜ਼ਸ਼ਨਾਸੀ ਦੇ ਗਵਾਹ ਸਨ। ਚੋਣਾਂ, ਨੌਕਰੀਆਂ, ਵਿੱਦਿਆ, ਵਪਾਰ ਕੋਟਾ, ਫੌਜ ਦੀ ਭਰਤੀ, ਜਨਤਕ ਜੀਵਨ ਦਾ ਹਰ ਪਹਿਲੂ ਸੰਪਰਦਾਇਕ ਪਛਾਣ ਉੱਪਰ ਨਿਰਭਰ ਸੀ। ਬੋਲੀ ਭਾਵੇਂ ਪੰਜਾਬੀ ਸੀ ਪਰ ਇਸ ਦੀ ਲਿੱਪੀ ਦੇ ਵਖਰੇਵੇਂ ਸੰਪਰਦਾਇਕ ਆਧਾਰ ਉੱਪਰ ਮੌਜੂਦ ਸਨ।

ਪਰ ਇਹ ਯਾਦ ਰੱਖਣ ਦੀ ਲੋੜ ਹੈ ਕਿ ਪੰਜਾਬ ਦਾ ਸਮੂਹਿਕ ਧਾਰਮਿਕ ਅਨੁਭਵ ਸਹਿਣਸ਼ੀਲਤਾ ਅਤੇ ਸਾਂਝ ਵਾਲਾ ਸੀ। ਇਸ ਸਹਿਣਸ਼ੀਲਤਾ ਦੀ ਸਭ ਤੋਂ ਵੱਡੀ ਬੁਨਿਆਦ ਸੂਫ਼ੀਵਾਦ ਸੀ। ਪੰਜਾਬ ਵਿਚ ਹਿੰਦੂ, ਸਿੱਖ ਤੇ ਇਸਲਾਮ ਧਰਮਾਂ ਨੂੰ ਸੂਫ਼ੀਵਾਦ ਦੀ ਪਰੰਪਰਾ ਵਿਚ ਸਾਂਝੀ ਤਾਰ ਵਿਚ ਜੋੜਦੀ ਸੀ। ਇਸ ਵੇਲੇ ਤਕ ਪੰਜਾਬ ਵਿਚ ਸੰਪਰਦਾਇਕ ਹਿੰਸਾ ਦੀਆਂ ਮਿਸਾਲਾਂ ਉਂਗਲਾਂ ਤੇ ਗਿਣਨਯੋਗ ਸਨ।

ਸਾਂਝੇ ਪੰਜਾਬ ਵਿਚ ਜੀਵਨ ਇਕ ਸਹਿਜਭਾਵੀ ਗਤੀ ਨਾਲ ਚੱਲ ਰਿਹਾ ਸੀ ਜਦੋਂ ਦੇਸ਼ ਵੰਡ ਤੇ ਪੰਜਾਬ ਵੰਡ ਦਾ ਫ਼ੈਸਲਾ ਕਿਸੇ ਉਲਕਾ ਪਿੰਡ ਵਾਂਗ ਇੱਥੇ ਡਿੱਗਾ ਤੇ ਇੱਥੇ ਦੀ ਮਨੁੱਖੀ ਧਰਾਤਲ ਵਿਚ ਇਕ ਵੱਡਾ ਖੱਪਾ ਪਾ ਗਿਆ।

ਭਾਰਤ ਪਾਕਿਸਤਾਨ ਦੀ ਵੰਡ ਇਕ ਦੇਸ਼ ਦੀ ਵੰਡ ਸੀ ਤੇ ਪੰਜਾਬ ਬੰਗਾਲ ਦੀ ਵੰਡ ਦੋ ਪ੍ਰਾਂਤਾਂ ਦੀ ਵੰਡ ਸੀ। 1937 ਦੀਆਂ ਚੋਣਾਂ ਵਿਚ ਮੁਸਲਿਮ ਲੀਗ ਨੂੰ ਯੂਪੀ ਵਿਚ ਮਨਿਸਟਰੀ ਦਾ ਹਿੱਸਾ ਨਾ ਬਣਾਇਆ ਜਾਣਾ, 1938 ਵਿਚ ਕਾਂਗਰਸੀ ਵਜ਼ਾਰਤਾਂ ਦੇ ਅਸਤੀਫ਼ੇ ਨੂੰ ਜਿਨਾਹ ਵੱਲੋਂ ਮੁਕਤੀ ਦਿਵਸ ਆਖਣਾ, 1939 ਵਿਚ ਮੁਸਲਿਮ ਲੀਗ ਦੇ ਕਰਾਚੀ ਸੈਸ਼ਨ ਵਿਚ ਦੋ ਕੌਮਾਂ ਦਾ ਸਿਧਾਂਤ, 1940 ਵਿਚ ਲਾਹੌਰ ਸੈਸ਼ਨ ਵਿਚ ਪਾਕਿਸਤਾਨ ਦਾ ਮਤਾ, 1942 ਵਿਚ ਕ੍ਰਿਪਸ ਮਿਸ਼ਨ ਦੁਆਰਾ ਪਾਕਿਸਤਾਨ ਦੀ ਸੰਭਾਵਨਾ ਦੀ ਅਸਿੱਧੀ ਹਮਾਇਤ, ਅਪ੍ਰੈਲ 1946 ਵਿਚ ਕੈਬਿਨਟ ਮਿਸ਼ਨ ਦੁਆਰਾ ਪਾਕਿਸਤਾਨ ਦੇ ਵਿਚਾਰ ਦੀ ਵਿਰੋਧਤਾ, ਪਰ ਵਿਹਾਰ ਵਿਚ ਉਸ ਲਈ


ISSN : 2395-1273
(ਪੰਨੇ 55-62)

ਜ਼ਮੀਨ ਤਿਆਰ ਕਰ ਦੇਣੀ, ਇਹ ਸਭ ਕੁਝ ਇਕ ਬਾਰੂਦ ਦੀ ਸ਼ਕਲ ਵਿਚ ਮੌਜੂਦ ਸੀ ਕਿ ਜਿਨਾਹ ਦੁਆਰਾ 16 ਅਗਸਤ 1946 ਦੇ ਦਿਨ 'ਸਿੱਧੀ ਕਾਰਵਾਈ' ਦਾ ਦਿਨ ਘੋਸ਼ਿਤ ਕਰਨ ਨਾਲ ਇਸ ਬਾਰੂਦ ਨੂੰ ਪਲੀਤਾ ਲੱਗ ਗਿਆ। ਇਸ ਦੇ ਨਤੀਜੇ ਵਜੋਂ 'ਕਲਕੱਤੇ ਦਾ ਕਤਲੇਆਮ' ਹੋਇਆ ਜਿਸ ਵਿਚ ਚਾਰ ਹਜ਼ਾਰ ਲੋਕ ਮਾਰੇ ਗਏ। ਅਕਤੂਬਰ ਵਿਚ ਨੋਆਖ਼ਲੀ ਦੇ ਭਿਆਨਕ ਫਸਾਦ ਹੋਏ। ਇਨ੍ਹਾਂ ਫਸਾਦਾਂ ਦੀਆਂ ਖ਼ਬਰਾਂ ਨੇ ਪੱਛਮੀ ਪੰਜਾਬ ਵਿਚ ਪੋਠੋਹਾਰ ਵਿਚ ਮਾਰਚ 1947 ਵਿਚ ਹਿੰਦੂ-ਸਿੱਖਾਂ ਦੇ ਕਤਲੇਆਮ ਦਾ ਮੁੱਢ ਬੰਨ੍ਹਿਆ। ਇਸ ਸੂਰਤੇਹਾਲ ਵਿਚ ਇਹੀ ਸਮਝ ਆ ਰਹੀ ਸੀ ਕਿ ਭਾਰਤ ਪਾਕਿਸਤਾਨ ਦੀ ਵੰਡ ਹੋਣ ਨਾਲ ਫ਼ਿਰਕੂ ਸਮੱਸਿਆ ਹੱਲ ਨਹੀਂ ਹੋਣੀ ਜਿੰਨੀ ਦੇਰ ਤਕ ਪੰਜਾਬ ਤੇ ਬੰਗਾਲ ਦੀ ਫ਼ਿਰਕੂ ਆਧਾਰ ਤੇ ਵੰਡ ਨਹੀਂ ਹੁੰਦੀ। ਪੰਜਾਬ ਦਾ ਮਾਮਲਾ ਵਧੇਰੇ ਪੇਚੀਦਾ ਸੀ ਕਿਉਂਕਿ ਇੱਥੇ ਸਿੱਖ ਇਕ ਤੀਸਰੀ ਧਿਰ ਵਜੋਂ ਮੌਜੂਦ ਸਨ। ਸਿੱਖ ਨੇਤਾਵਾਂ ਦੇ ਦਬਾਅ ਹੇਠ ਕਾਂਗਰਸ ਨੇ 8 ਅਪ੍ਰੈਲ 1947 ਨੂੰ ਪੰਜਾਬ ਨੂੰ ਮੁਸਲਿਮ ਅਤੇ ਗ਼ੈਰ-ਮੁਸਲਿਮ ਭਾਗਾਂ ਵਿਚ ਵੰਡਣ ਦਾ ਮਤਾ ਪਾਸ ਕੀਤਾ। ਮਾਊਂਟਬੈਟਨ ਨੇ '3 ਜੂਨ ਪਲਾਨ' ਵਿਚ ਇਸ ਮੰਗ ਨੂੰ ਮੰਨਣ ਲਈ ਇਕ ਹੱਦਬੰਦੀ ਕਮਿਸ਼ਨ ਦਾ ਐਲਾਨ ਕੀਤਾ, ਜਿਸ ਦਾ ਮੁਖੀ ਸਿਰਿਲ ਰੈੱਡਕਲਿਫ਼ ਸੀ। ਇਸ ਦੇ ਉਦੇਸ਼ ਪੰਜਾਬ ਤੇ ਬੰਗਾਲ ਦੀ ਇਲਾਕਾਈ ਹੱਦਬੰਦੀ ਕਰਨਾ ਸੀ। ਇਸ ਦੇ ਨਾਲ ਹੀ ਪੰਜਾਬ ਪਾਰਟੀਸ਼ਨ ਕਮੇਟੀ ਬਣਾਈ ਗਈ ਜਿਸ ਵਿਚ ਗੋਪੀ ਚੰਦ ਭਾਰਗੋ, ਸਰਦਾਰ ਸਵਰਨ ਸਿੰਘ, ਮੁਮਤਾਜ਼ ਦੌਲਤਾਨਾ ਤੇ ਜ਼ਾਹਿਦ ਹੁਸੈਨ ਸਨ। ਇਸ ਦਾ ਉਦੇਸ਼ ਵੰਡ ਦੇ ਅਮਲ ਦਾ ਸੰਚਾਲਨ ਕਰਨਾ ਸੀ ਤੇ ਸਾਂਝੇ ਪੰਜਾਬ ਦੇ ਪ੍ਰਸ਼ਾਸਨੀ ਅਮਲੇ, ਸੰਪਤੀ, ਸੰਸਥਾਵਾਂ, ਦੇਣਦਾਰੀਆਂ, ਆਧਾਰ ਸੰਰਚਨਾ ਅਤੇ ਨਹਿਰਾਂ ਆਦਿ ਹਰ ਚੀਜ਼ ਨੂੰ ਵੰਡਣਾ ਸੀ। ਇਸ ਸਮੇਂ ਤਕ ਆਬਾਦੀ ਦੇ ਵਟਾਂਦਰੇ ਦੀ ਨਾ ਕੋਈ ਸੰਭਾਵਨਾ ਬਣੀ ਸੀ ਤੇ ਨਾ ਕਿਸੇ ਨੇ ਐਸਾ ਕੋਈ ਅੰਦੇਸ਼ਾ ਪ੍ਰਗਟ ਕੀਤਾ ਸੀ। ਆਬਾਦੀ ਦੇ ਵਟਾਂਦਰੇ ਦੀ ਸੰਭਾਵਨਾ ਪ੍ਰਤੀ ਅਜਿਹੀ ਉਚ-ਪੱਧਰੀ ਅਲਗਰਜ਼ੀ ਪੰਜਾਬ ਵਿਚ ਪੰਜ ਤੋਂ ਸੱਤ ਲੱਖ ਲੋਕਾਂ ਦੇ ਕਤਲੇਆਮ ਦਾ ਸਬੱਬ ਬਣੀ।

## ਪੂਰਬੀ ਤੇ ਪੱਛਮੀ ਪੰਜਾਬ

ਅਣਵੰਡੇ ਪੰਜਾਬ ਦੇ ਪੂਰਬੀ ਅਤੇ ਪੱਛਮੀ ਭਾਗਾਂ ਵਿਚ ਆਰਥਿਕ ਤੇ ਸਮਾਜਕ ਅਸਾਵਾਂਪਣ ਸਪਸ਼ਟ ਨਜ਼ਰ ਆਉਂਦਾ ਸੀ। ਵੰਡ ਦੇ ਨਤੀਜੇ ਵਜੋਂ ਆਬਾਦੀ ਦੇ ਤਬਾਦਲੇ ਨੇ ਇਸ ਅਸਾਵੇਂਪਣ ਨੂੰ ਅਜੀਬ ਤਰੀਕੇ ਨਾਲ ਪ੍ਰਭਾਵਿਤ ਕੀਤਾ ਤੇ ਇਥੋਂ ਦੀ ਆਰਥਿਕਤਾ ਉੱਪਰ ਘਾਤਕ ਅਸਰ ਕੀਤਾ। ਆਜ਼ਾਦੀ ਦੇ ਸੱਤਰ ਸਾਲ ਬਾਅਦ ਵੀ ਇਸ ਦੇ ਅਸਰ ਨੂੰ ਮਹਿਸੂਸ ਕੀਤਾ ਜਾ ਸਕਦਾ ਹੈ। ਆਜ਼ਾਦੀ ਤੋਂ ਪਹਿਲਾਂ ਦਾ ਪੰਜਾਬ ਸਿੱਖਿਆ, ਵਪਾਰ, ਖੇਤੀ, ਉਦਯੋਗ, ਸੇਵਾਵਾਂ ਹਰ ਪਹਿਲੂ ਵਿਚ ਬਰਤਾਨਵੀ ਸਾਮਰਾਜ ਦੀ ਸਕਸੈੱਸ ਸਟੋਰੀ ਸੀ। ਬ੍ਰਿਟਿਸ਼ ਪੰਜਾਬ ਦੇ ਪੱਛਮੀ ਜ਼ਿਲ੍ਹਿਆਂ ਵਿਚ ਖੇਤੀਬਾੜੀ ਦਾ ਵਿਕਾਸ ਵਧੇਰੇ ਹੋਇਆ ਸੀ। ਇੱਥੋਂ ਦੇ ਸ਼ਹਿਰਾਂ ਵਿਚ ਛੋਟੇ ਵੱਡੇ ਉਦਯੋਗ ਵਿਕਸਤ ਹੋਏ ਸਨ। ਇੰਨ੍ਹਾਂ ਉਦਯੋਗਾਂ ਵਿਚ ਪੂੰਜੀ ਲਗਾਉਣ ਵਾਲੇ ਵਧੇਰੇ ਹਿੰਦੂ ਅਤੇ ਸਿੱਖ ਸਨ। ਇੱਥੇ ਬਾਰਾਂ ਦਾ ਵਸੇਬਾ ਕਰ ਕੇ ਜੰਗਲਾਂ ਨੂੰ ਆਬਾਦ ਕੀਤਾ ਗਿਆ ਸੀ। ਮੰਡੀਆਂ ਤੇ ਸ਼ਹਿਰਾਂ ਨੂੰ ਯੋਜਨਾਬੱਧ ਤਰੀਕੇ ਨਾਲ ਵਿਕਸਤ ਕੀਤਾ ਸੀ। ਨਹਿਰਾਂ ਦੇ ਵਿਕਾਸ ਨੇ ਇਸ ਖੇਤਰ ਵਿਚ ਕਪਾਹ, ਗੰਨਾ ਤੇ ਅਨਾਜ ਦਾ ਉਤਪਾਦਨ ਕੀਤਾ ਜਿਸ ਨੂੰ ਕਰਾਚੀ ਦੀ ਬੰਦਰਗਾਹ ਰਾਹੀਂ ਇੰਗਲੈਂਡ ਭੇਜਿਆ ਜਾਂਦਾ ਸੀ। ਬਾਰਾਂ ਦੀਆਂ ਜ਼ਮੀਨਾਂ ਨਾਲ ਪੰਜਾਬ ਵਿਚ ਫ਼ੌਜ ਦੀ ਭਰਤੀ ਨੂੰ ਹੋਰ ਵੀ ਹੁਲਾਰਾ ਮਿਲਿਆ। ਇੰਨ੍ਹਾਂ ਜ਼ਿਲ੍ਹਿਆਂ ਦੇ ਹਰ ਵੱਡੇ ਸ਼ਹਿਰ ਵਿਚ ਇਕ ਜਾਂ ਇਕ ਤੋਂ ਵੱਧ ਕਾਲਜ ਸਨ। ਲਾਹੌਰ ਤਾਂ ਯੂਨੀਵਰਸਿਟੀ ਕਾਰਨ ਕਾਲਜਾਂ ਦਾ ਗੜ੍ਹ ਬਣ ਚੁੱਕਾ ਸੀ। ਇਸ ਕਾਰਨ ਇੱਥੇ ਮਨੁੱਖੀ ਪੂੰਜੀ ਦਾ ਅਥਾਹ ਵਿਕਾਸ ਹੋਇਆ। ਇਸ ਦੇ ਉਲਟ ਪੂਰਬੀ ਬ੍ਰਿਟਿਸ਼ ਪੰਜਾਬ ਦੇ ਜ਼ਿਲ੍ਹਿਆਂ ਵਿਚ ਕੁਲ ਸੱਤ ਕਾਲਜ ਸਨ। ਪੰਜਾਬ ਦੇ ਸਾਧਾਰਨ ਕਿਸਾਨਾਂ ਦੀ ਔਲਾਦ ਪਹਿਲੀ ਵਾਰ ਅੰਗਰੇਜ਼ੀ ਉੱਚ ਸਿੱਖਿਆ ਨੂੰ ਪ੍ਰਾਪਤ ਕਰਨ ਦੇ ਯੋਗ ਹੋਈ ਤਾਂ ਇਸ ਵਿਚ ਲਾਹੌਰ ਦੀ ਭੂਮਿਕਾ ਸਭ ਤੋਂ ਵੱਡੀ ਸੀ।

ਅੰਗਰੇਜ਼ੀ ਸਿੱਖਿਆ ਤੇ ਦੂਸਰੀ ਸੰਸਾਰ ਜੰਗ ਵਿਚ ਫ਼ੌਜ ਦੀ ਛੋਟੀ-ਮੋਟੀ ਅਫ਼ਸਰੀ ਨੇ ਪੰਜਾਬ ਦੇ ਕਿਸਾਨੀ ਤਬਕੇ ਵਿਚ ਇਕ ਵੱਖਰੀ ਤਰ੍ਹਾਂ ਦੀ ਜੀਵਨ-ਸ਼ੈਲੀ ਦਾ ਸੰਚਾਰ ਕੀਤਾ ਸੀ। ਪੰਜਾਬ ਦੇ ਪੱਛਮੀ ਜ਼ਿਲ੍ਹਿਆਂ ਵਿਚ ਆਬਾਦੀ ਦੀ ਬਹੁ-ਗਿਣਤੀ ਮੁਸਲਿਮ ਸੀ ਤੇ ਹਿੰਦੂ-ਸਿੱਖ ਆਬਾਦੀ ਕਿਧਰੇ-ਕਿਧਰੇ ਖਿਲਰੀ ਸੀ।

ਇਨ੍ਹਾਂ ਜ਼ਿਲ੍ਹਿਆਂ ਵਿਚ ਬੈਂਕਿੰਗ ਦਾ ਕਾਰੋਬਾਰ ਲਗਭਗ ਹਿੰਦੂ ਸਿੱਖ ਪਰਿਵਾਰਾਂ ਦਾ ਏਕਾਧਿਕਾਰ ਸੀ। ਇਸਲਾਮ ਵਿਚ ਵਿਆਜ ਦੀ ਮਨਾਹੀ ਕਾਰਨ ਮੁਸਲਮਾਨ ਘਰਾਣੇ ਪੂੰਜੀ ਦੇ ਕਾਰੋਬਾਰ ਤੋਂ ਪਰ੍ਹੇ ਹੀ ਰਹਿੰਦੇ ਸਨ, ਭਾਵੇਂ ਉਦਮ ਤੇ ਵਪਾਰ ਵਿਚ ਪੂਰੇ-ਪੂਰੇ ਸਮਰੱਥ ਸਨ। ਇਹ ਜ਼ਿਲ੍ਹੇ ਇਤਿਹਾਸਕ ਤੌਰ 'ਤੇ ਕੇਂਦਰੀ ਏਸ਼ੀਆ, ਰੂਸ ਤੇ ਯੂਰਪ ਨਾਲ ਵਪਾਰ ਦੇ ਰੂਟਾਂ ਉਪਰ ਸਥਿਤ ਸਨ। ਪਹਿਲੀ ਸੰਸਾਰ ਜੰਗ ਵਿਚ ਇੰਗਲੈਂਡ ਨੂੰ ਅਥਾਹ ਮਾਤਰਾ ਵਿਚ


www.sanvad.org
ISSN : 2395-1273

ਤਿਆਰ ਮਾਲ ਦੀ ਜ਼ਰੂਰਤ ਨਾਲ ਦੋ ਚਾਰ ਹੋਣਾ ਪਿਆ ਤੇ ਪੰਜਾਬ ਵਿਚ ਕਪਾਹ, ਖੰਡ, ਚਮੜੇ ਦੇ ਉਦਯੋਗ ਦਾ ਮੁੱਢ ਬੱਝਾ। ਪੂੰਜੀ ਦੀ ਇਸ ਖੇਤਰ ਵਿਚ ਪਹਿਲਾਂ ਹੀ ਕੋਈ ਕਮੀ ਨਹੀਂ ਸੀ। ਸਿੱਖਿਆ, ਪੂੰਜੀ, ਨਹਿਰਾਂ, ਬਾਰਾਂ, ਉਦਯੋਗ, ਫ਼ੌਜ ਦੀ ਨੌਕਰੀ, ਪੰਜਾਬ ਦੇ ਪੱਛਮੀ ਜ਼ਿਲ੍ਹੇ ਇਕ ਐਸੇ ਆਰਥਿਕ ਮਾਡਲ ਦਾ ਨਜ਼ਾਰਾ ਪੇਸ਼ ਕਰਦੇ ਸਨ, ਜੋ ਕਿ ਬਹੁਤ ਹੀ ਖਿੱਚਪਾਊ ਸੀ।

ਪਰ ਆਰਥਿਕ ਵਿਕਾਸ ਦਾ ਇਕ ਨਜ਼ਾਰਾ ਪੂਰਬੀ ਜ਼ਿਲ੍ਹਿਆਂ ਵਿਚ ਲਗਭਗ ਫਿੱਕਾ ਤੇ ਮੱਧਮ ਨਜ਼ਰ ਆਉਂਦਾ ਸੀ। ਪੂਰਬੀ ਪੰਜਾਬ ਦੇ ਜ਼ਿਲ੍ਹਿਆਂ ਦੇ ਆਲੇ-ਦੁਆਲੇ ਰਿਆਸਤਾਂ ਦਾ ਜ਼ੋਰ ਸੀ। ਇਸ ਤੋਂ ਬਿਨਾਂ ਦੱਖਣੀ ਪੰਜਾਬ ਦੇ ਸ਼ਹਿਰ ਗੁੜਗਾਉਂ, ਰੋਹਤਕ, ਭਿਵਾਨੀ, ਹਿਸਾਰ ਸਨ ਜਿੰਨ੍ਹਾਂ ਦਾ ਕੋਈ ਵਿਕਾਸ ਨਹੀਂ ਹੋਇਆ ਸੀ। ਇੱਥੇ ਮਨੁੱਖੀ ਪੂੰਜੀ ਘੱਟ ਸੀ ਤੇ ਵਪਾਰਕ ਪੂੰਜੀ ਉਸ ਤੋਂ ਵੀ ਘੱਟ। ਬਾਰਾਂ ਦੀਆਂ ਨਹਿਰਾਂ ਤੇ ਮੁਰੱਬਿਆਂ ਦੀ ਇਥੇ ਕਲਪਨਾ ਵੀ ਨਹੀਂ ਕੀਤੀ ਜਾ ਸਕਦੀ ਸੀ। ਪੂਰਬੀ ਤੇ ਪੱਛਮੀ ਜ਼ਿਲ੍ਹਿਆਂ ਦੇ ਏਨੇ ਵਖਰੇਵੇਂ ਦਰਮਿਆਨ ਅੰਮ੍ਰਿਤਸਰ ਦਾ ਸ਼ਹਿਰ ਤੇ ਜ਼ਿਲ੍ਹਾ ਇਕ ਹਰੀ ਪੱਟੀ ਦਾ ਕੰਮ ਕਰਦਾ ਸੀ। ਅੰਮ੍ਰਿਤਸਰ ਇਕ ਪਾਸੇ ਕੇਂਦਰੀ ਏਸ਼ੀਆ ਨਾਲ ਜੁੜਿਆ ਹੋਇਆ ਸੀ ਤੇ ਦੂਸਰੇ ਪਾਸੇ ਕਸ਼ਮੀਰ ਦੇ ਵਪਾਰ ਦਾ ਸਭ ਤੋਂ ਵੱਡਾ ਮੈਦਾਨੀ ਧੁਰਾ ਸੀ। 20ਵੀਂ ਸਦੀ ਦੀ ਸ਼ੁਰੂਆਤ ਵਿਚ ਇਥੇ ਦਿੱਲੀ ਨਾਲੋਂ ਜ਼ਿਆਦਾ ਕਾਲਜ ਸਨ।

ਪੰਜਾਬ ਦੀ ਵੰਡ ਇਸ ਤਰ੍ਹਾਂ ਹੋਈ ਕਿ ਇਸ ਦਾ ਆਰਥਿਕ ਅਤੇ ਮਨੁੱਖੀ ਸੰਗਠਨ ਵਿਚਕਾਰੋਂ ਟੁੱਟ ਗਿਆ। ਕਣਕ ਤੇ ਕਪਾਹ ਪੈਦਾ ਕਰਨ ਵਾਲੇ ਇਲਾਕੇ ਅਤੇ ਦੁਨੀਆਂ ਦਾ ਸਭ ਤੋਂ ਵਿਕਸਤ ਸਿੰਜਾਈ ਪ੍ਰਬੰਧ ਵਾਲਾ ਇਲਾਕਾ ਪਾਕਿਸਤਾਨ ਵਿਚ ਰਹਿ ਗਿਆ। ਇਨ੍ਹਾਂ ਇਲਾਕਿਆਂ ਨੂੰ ਬਣਾਉਣ ਵਾਲੇ, ਪਸੀਨਾ ਤੇ ਪੂੰਜੀ ਵਹਾਉਣ ਵਾਲੇ ਹਿੰਦੂ, ਸਿੱਖ ਕਿਸਾਨ ਪੂਰਬੀ ਪੰਜਾਬ ਵਿਚ ਆ ਗਏ। ਇਥੇ ਉਨ੍ਹਾਂ ਨੂੰ 20 ਲੱਖ ਏਕੜ ਜ਼ਮੀਨ ਦੇ ਘਾਟੇ ਨਾਲ ਜੂਝਣਾ ਪਿਆ। ਇਸ ਘਾਟੇ ਨਾਲ ਤਿਰਲੋਕ ਸਿੰਘ ਆਈ.ਸੀ.ਐਸ. ਦੀ 'ਸਟੈਂਡਰਡ ਏਕੜ' ਅਤੇ 'ਗਰੇਡਿਡ ਕੱਟ' ਦੀ ਸਕੀਮ ਨੇ ਇਸ ਤਰ੍ਹਾਂ ਸਿੱਝਿਆ ਕਿ ਇਹ ਮਨੌਤ ਪ੍ਰਚਲਿਤ ਹੋ ਗਈ : ਤ੍ਰਿਲੋਕ ਸਿੰਘ ਨੇ ਜ਼ਮੀਨ ਨੂੰ ਸੋਨੇ ਵਾਂਗ ਤੋਲ ਦਿੱਤਾ ਹੈ।

ਉਦਯੋਗ ਦਾ ਬਹੁਤਾ ਹਿੱਸਾ ਰਾਵੀਓਂ ਪਾਰ ਰਹਿ ਗਿਆ ਸੀ। ਵੱਡੇ ਸਿੱਖਿਆ ਕੇਂਦਰ ਓਧਰ ਰਹਿ ਗਏ। ਵੱਡੇ ਮੰਡੀ ਸ਼ਹਿਰ ਓਧਰ ਰਹਿ ਗਏ। ਪੰਜਾਬ ਦੇ ਜਿਹੜੇ ਹਿੰਦੂ ਸਿੱਖ ਉਦਯੋਗਪਤੀਆਂ, ਬੈਂਕਰਾਂ ਅਤੇ ਵਪਾਰੀਆਂ ਨੇ ਪੀੜ੍ਹੀਆਂ ਤੋਂ ਪੱਛਮੀ ਪੰਜਾਬ ਨੂੰ ਆਪਣੀ ਕਰਮ ਭੂਮੀ ਬਣਾਇਆ ਸੀ ਉਨ੍ਹਾਂ ਨੂੰ ਉਸ ਤੋਂ ਵਿਛੜਨਾ ਪਿਆ। ਸਿੱਖਿਆ ਲਾਹੌਰ ਵਿਚ ਰਹਿ ਗਈ। ਖੇਤੀ ਲਾਇਲਪੁਰ ਵਿਚ, ਵਪਾਰ ਪਿੰਡੀ ਅਤੇ ਮੁਲਤਾਨ ਵਿਚ ਤੇ ਬਾਗ ਸਰਗੋਧੇ ਵਿਚ ਰਹਿ ਗਏ। ਪੱਛਮੀ ਪੰਜਾਬ ਤੋਂ ਆਏ ਇਹ ਲੋਕ ਉੱਥੋਂ ਦੀਆਂ ਸਿਫ਼ਤਾਂ ਨੂੰ ਇਸ ਤਰ੍ਹਾਂ ਯਾਦ ਕਰਦੇ ਸਨ ਕਿ ਉਹ ਇਕ ਤਰ੍ਹਾਂ ਹੇਰਵੇ ਦੇ ਰੋਗ ਦਾ ਸ਼ਿਕਾਰ ਹੋ ਗਏ।

## ਹੈਵਾਨੀਅਤ ਤੇ ਇਨਸਾਨੀਅਤ

ਸੰਤਾਲੀ ਦੀ ਵੰਡ ਦੌਰਾਨ ਪੰਜਾਬ ਦੇ ਲੋਕਾਂ ਨੇ ਮੱਧਕਾਲੀ ਹੈਵਾਨੀਅਤ ਦੀ ਇਕ ਵਿਰਾਟ ਝਾਕੀ ਵੇਖੀ। ਪੰਜਾਬੀਅਤ ਪਹਿਲਾਂ ਕਦੇ ਵੀ ਇੰਨੇ ਵੱਡੇ ਪੈਮਾਨੇ ਤੇ ਖਵਾਰ ਅਤੇ ਸ਼ਰਮਸਾਰ ਨਹੀਂ ਹੋਈ ਸੀ। ਲੱਖਾਂ ਮਜ਼ਲੂਮਾਂ ਦੇ ਕਤਲ, ਬਲਾਤਕਾਰ, ਉਧਾਲੇ, ਲੁੱਟ-ਖੋਹ, ਵਿਸਾਹਘਾਤ, ਜਬਰੀ ਧਰਮ-ਬਦਲੀ, ਹੈਵਾਨੀਅਤ ਦਾ ਉਹ ਕਿਹੜਾ ਰੂਪ ਸੀ ਜੋ ਪੰਜਾਬ ਦੇ ਲੋਕਾਂ ਨੇ ਉਸ ਵੇਲੇ ਆਪਣੇ ਪਿੰਡੇ ਤੇ ਨਹੀਂ ਹੰਢਾਇਆ? ਪੰਜਾਬ ਦੀਆਂ ਘੱਟ-ਗਿਣਤੀਆਂ ਦਾ ਕਸੂਰ ਸਿਰਫ਼ ਏਨਾਂ ਸੀ ਕਿ ਉਹ ਰੈੱਡਕਲਿੱਫ ਲਾਈਨ ਦੇ ਉਸ ਪਾਸੇ ਮੌਜੂਦ ਸਨ ਜਿੱਥੇ ਉਨ੍ਹਾਂ ਨੂੰ ਹੋਣਾ ਨਹੀਂ ਸੀ ਚਾਹੀਦਾ। ਇੰਨ੍ਹਾਂ ਸਭ ਥਾਂਵਾਂ ’ਤੇ ਉਨ੍ਹਾਂ ਦਾ ਨਸਲੀ ਸਫ਼ਾਇਆ ਕੀਤਾ ਗਿਆ। ਨਤੀਜੇ ਵਜੋਂ ਪੱਛਮੀ ਪੰਜਾਬ ਵਿਚ ਹਿੰਦੂ ਸਿੱਖਾਂ ਦੀ ਗਿਣਤੀ 30 ਫ਼ੀਸਦੀ ਤੋਂ ਘਟ ਕੇ 1 ਫ਼ੀਸਦੀ ਤੇ ਪੂਰਬੀ ਪੰਜਾਬ ਵਿਚ ਮੁਸਲਮਾਨਾਂ ਦੀ ਗਿਣਤੀ 40 ਫ਼ੀਸਦੀ ਤੋਂ ਘਟ ਕੇ 2 ਫ਼ੀਸਦੀ ਰਹਿ ਗਈ। 5 ਤੋਂ 7 ਲੱਖ ਲੋਕ ਪੰਜਾਬ ਦੇ ਦੋਹੀਂ ਪਾਸੀ ਮਾਰੇ ਗਏ ਤੇ 80 ਲੱਖ ਲੋਕਾਂ ਨੂੰ 90 ਦਿਨਾਂ ਦੇ ਅੰਦਰ-ਅੰਦਰ ਆਪਣੇ ਘਰ-ਬਾਰ ਛੱਡ ਕੇ ਭੱਜਣਾ ਪਿਆ।

ਪੰਜਾਬ ਦੀਆਂ ਰੇਲਾਂ ਤੇ ਨਹਿਰਾਂ ਅੰਗਰੇਜ਼ੀ ਰਾਜ ਨਾਲ ਇੱਥੇ ਆਈਆਂ ਸਨ ਤੇ ਅੰਗਰੇਜ਼ੀ ਰਾਜ ਦੇ ਖ਼ਾਤਮੇ ਸਮੇਂ ਇੱਥੇ ਭਾਰੀ ਕਤਲੇਆਮ ਦੀਆਂ ਗਵਾਹ ਬਣੀਆਂ। ਕੁਲਵੰਤ ਸਿੰਘ ਵਿਰਕ ਅਨੁਸਾਰ ਨਹਿਰਾਂ ਲਾਸ਼ਾਂ ਨਾਲ ਭਰੀਆਂ ਆਉਂਦੀਆਂ ਸਨ ਕਿ ਪਾਕਿਸਤਾਨ ਵਿਚ ਇਸ ਦੇ ਪਾਣੀ ਨਾਲ ਵੁਜ਼ੂ ਕਰਨਾ ਹਰਾਮ ਹੋ ਗਿਆ ਸੀ। ਸ਼ਰਨਾਰਥੀਆਂ ਨੂੰ ਲਿਜਾਣ ਵਾਲੀਆਂ ਰੇਲਾਂ ਨੂੰ ਅਕਸਰ ਰਾਹ ਵਿਚ ਰੋਕ ਕੇ ਯਾਤਰੀਆਂ ਦਾ ਕਤਲੇਆਮ ਕੀਤਾ

ਗਿਆ। ਅਜਿਹੀ ਇਕ ਲਾਸ਼ਾਂ ਦੀ ਭਰੀ ਟਰੇਨ ਨੂੰ ਲੈ ਕੇ ਖੁਸ਼ਵੰਤ ਸਿੰਘ ਨੇ **ਟਰੇਨ ਟੂ ਪਾਕਿਸਤਾਨ** ਨਾਮ ਦੀ ਅਮਰ ਰਚਨਾ ਰਚੀ।

ਵੰਡ ਦੀ ਹੈਵਾਨੀਅਤ ਦਾ ਸਭ ਤੋਂ ਵੱਡਾ ਸ਼ਿਕਾਰ ਪੰਜਾਬੀ ਸਮਾਜ ਦੀਆਂ ਆਪਣੀਆਂ ਧੀਆਂ, ਭੈਣਾਂ ਤੇ ਮਾਵਾਂ ਹੋਈਆਂ। ਸਮੂਹਿਕ ਬਲਾਤਕਾਰ, ਉਧਾਲਾ, ਜਬਰੀ ਵਿਆਹ, ਧਰਮ ਬਦਲੀ, ਇੰਨ੍ਹਾਂ ਸਾਰੇ ਜ਼ੁਲਮਾਂ ਨੂੰ ਪੰਜਾਬੀ ਔਰਤ ਨੇ ਵੱਡੇ ਪੈਮਾਨੇ 'ਤੇ ਆਪਣੇ ਪਿੰਡੇ 'ਤੇ ਝੱਲਿਆ। ਨੰਗੀਆਂ ਔਰਤਾਂ ਦੇ ਜਲੂਸ ਕੱਢਣੇ ਤੇ ਕਈਆਂ ਦੀਆਂ ਛਾਤੀਆਂ ਕੱਟ ਦੇਣਾ ਅਜਿਹੀ ਅਮਾਨਵੀਅਤਾ ਸੀ ਜਿਸ ਨੂੰ ਲਿਖਣ ਲਈ ਹੱਥ ਕੰਬਦੇ ਹਨ ਤੇ ਪੜ੍ਹਨ ਲਈ ਸ਼ਾਇਦ ਸੀਨਾ ਪੱਥਰ ਕਰਨਾ ਪਵੇ। ਪਰ ਅਸਲੀਅਤ ਇਹ ਕਿ ਇਹ ਸਭ ਕੁਝ ਪੰਜਾਬ ਦੀ ਧਰਤੀ 'ਤੇ ਵਾਪਰਿਆ ਜਿੱਥੇ ਸਦੀਆਂ ਤੋਂ ਸਿੱਖ ਗੁਰੂਆਂ ਤੇ ਸੂਫ਼ੀ ਫ਼ਕੀਰਾਂ ਨੇ ਮਜ਼ਹਬੀ ਰਵਾਦਾਰੀ ਅਤੇ ਇਨਸਾਨੀ ਦੋਸਤੀ ਦੀ ਸਿੱਖਿਆ ਦਿੱਤੀ ਸੀ।

ਔਰਤਾਂ ਪ੍ਰਤੀ ਅਜਿਹੀ ਹੈਵਾਨੀਅਤ ਦੀ ਸ਼ੁਰੂਆਤ ਮਾਰਚ 1947 ਦੇ ਰਾਵਲਪਿੰਡੀ ਦੇ ਫਸਾਦਾਂ ਨਾਲ ਹੋ ਗਈ ਸੀ। ਥੋਹਾ ਖਾਲਸਾ ਦੇ ਪਿੰਡ ਵਿਚ ਹਿੰਦੂ ਸਿੱਖ ਔਰਤਾਂ ਫਸਾਦੀਆਂ ਤੋਂ ਆਪਣੀ ਇੱਜ਼ਤ ਬਚਾਉਣ ਲਈ ਖੂਹਾਂ ਵਿਚ ਛਾਲਾਂ ਮਾਰਕੇ ਮਰ ਗਈਆਂ। ਇਸ ਤੋਂ ਬਾਅਦ ਪੰਡਤ ਜਵਾਹਰ ਲਾਲ ਨਹਿਰੂ ਨੇ ਖੁਦ ਇਸ ਇਲਾਕੇ ਦਾ ਦੌਰਾ ਕੀਤਾ ਤੇ ਸੰਤ ਗੁਲਾਬ ਸਿੰਘ ਦੀ ਹਵੇਲੀ ਵਿਚ ਲਾਸ਼ਾਂ ਨਾਲ ਭਰੇ ਇਸ ਖੂਹ ਨੂੰ ਵੀ ਤੱਕਿਆ। ਅਗਸਤ, ਸਤੰਬਰ, ਅਕਤੂਬਰ ਵਿਚ ਪੰਜਾਬ ਦੇ ਹਰ ਪਿੰਡ ਹਰ ਸ਼ਹਿਰ ਵਿਚ ਘੱਟ ਗਿਣਤੀ ਫ਼ਿਰਕੇ ਦੀਆਂ ਔਰਤਾਂ ਉੱਪਰ ਇਹ ਕਹਿਰ ਟੁੱਟਿਆ। ਔਰਤਾਂ ਨਾਲ ਇਹ ਸਲੂਕ ਮਧਕਾਲੀਨ ਸਮੇਂ ਦੇ ਵਿਦੇਸ਼ੀ ਹਮਲਾਵਰਾਂ ਜਿਹਾ ਸੀ ਪਰ ਇਸ ਵਾਰ ਜਰਵਾਣੇ ਪੰਜਾਬ ਦੀ ਧਰਤੀ ਦੇ ਆਪਣੇ ਪੁੱਤਰ ਸਨ।

ਕੁਲਵੰਤ ਸਿੰਘ ਵਿਰਕ ਨੇ ਅਜਿਹੇ ਇਕ ਉਧਾਲੇ ਦਾ ਸ਼ਿਕਾਰ ਔਰਤ ਦੀ ਕਹਾਣੀ 'ਖ਼ੱਬਲ' ਵਿਚ ਲਿਖਿਆ: ਮੇਰੀ ਨਜ਼ਰ ਵਿਚ ਇਨਸਾਨ ਉੱਤੇ ਇਨਸਾਨ ਦੇ ਜ਼ੁਲਮ ਦੀ ਉਹ ਸਭ ਤੋਂ ਘਿਨਾਉਣੀ ਤਸਵੀਰ ਸੀ।

ਜਿੰਨਾ ਜਬਰ ਔਰਤਾਂ ਨੇ ਆਪਣੇ ਸਰੀਰ 'ਤੇ ਝੱਲਿਆ ਉਸ ਤੋਂ ਵੱਧ ਆਪਣੇ ਮਨ 'ਤੇ ਝੱਲਿਆ। ਬਲਾਤਕਾਰ ਦੀਆਂ ਸ਼ਿਕਾਰ ਔਰਤਾਂ ਨੇ ਐਸੇ ਬੱਚਿਆਂ ਨੂੰ ਜਨਮ ਦਿੱਤਾ ਜਿੰਨ੍ਹਾਂ ਦੀ ਹੋਂਦ ਉਨ੍ਹਾਂ ਦੀ ਅੰਤਰ-ਆਤਮਾ ਨੂੰ ਵਲੂੰਧਰਦੀ ਰਹੀ। ਐਸੇ ਹੀ ਇਕ ਬੱਚੇ ਦੀ ਮਾਨਸਿਕ ਪੀੜ੍ਹ ਨੂੰ ਅੰਮ੍ਰਿਤਾ ਪ੍ਰੀਤਮ ਨੇ 'ਖਰੀਂਢ' ਨਾਮ ਦੀ ਕਵਿਤਾ ਵਿਚ ਬਿਆਨ ਕੀਤਾ।

ਉਧਾਲੇ ਦਾ ਸ਼ਿਕਾਰ ਹੋਈਆਂ ਕੁੜੀਆਂ ਨੂੰ ਅੰਗਰੇਜ਼ੀ ਪਰੀ ਕਹਾਣੀ 'ਬਿਊਟੀ ਐਂਡ ਬੀਸਟ' ਦੀ ਹੋਣੀ ਵਿਚੋਂ ਲੰਘਣਾ ਪਿਆ। ਜਿਸ ਵਿਚ ਉਧਾਲੀ ਹੋਈ ਕੁੜੀ ਨੂੰ ਆਪਣੇ ਅਗਵਾਕਾਰ ਜਾਨਵਰ ਦੇ ਜ਼ੁਲਮ ਨੂੰ ਹੀ ਪਿਆਰ ਮੰਨਣਾ ਪੈਂਦਾ ਹੈ। ਇਸ ਨੂੰ ਮਨੋ-ਵਿਗਿਆਨ ਦੀ ਭਾਸ਼ਾ ਵਿਚ 'ਸਟਾਕਹੋਮ ਸਿੰਡਰੋਮ' ਕਹਿੰਦੇ ਹਨ।

ਇਸ ਸਮੇਂ ਹੈਵਾਨੀਅਤ ਨੂੰ ਸਹਿਜ ਭਾਵੀ ਅਮਲ ਮੰਨ ਲਿਆ ਗਿਆ ਸੀ, ਤੇ ਇਨਸਾਨੀਅਤ ਦੀ ਦੁਹਾਈ ਨੂੰ ਗ਼ੈਰ-ਕੁਦਰਤੀ, ਸਮਝ ਨਾ ਆਉਣ ਵਾਲਾ, ਵਿਕੋਲਿਤਰਾ ਅਮਲ ਸਮਝ ਕੇ ਦਰ-ਕਿਨਾਰ ਕੀਤਾ ਜਾਂਦਾ ਸੀ। ਫਿਰ ਵੀ ਲੋਕਾਂ ਦੇ ਦਿਲ ਕੁਦਰਤੀ ਰਹਿਮ ਤੋਂ ਉੱਕਾ ਸੱਖਣੇ ਨਹੀਂ ਹੋਏ ਸਨ। ਪਿੰਡਾਂ ਸ਼ਹਿਰਾਂ ਵਿਚ ਬਹੁਤ ਸਾਰੇ ਬਹੁ-ਗਿਣਤੀ ਫ਼ਿਰਕੇ ਦੇ ਲੋਕਾਂ, ਬਜ਼ੁਰਗਾਂ ਤੇ ਖਾਸ ਤੌਰ 'ਤੇ ਇਸਤਰੀਆਂ ਨੇ ਆਪਣੇ ਹਮਸਾਇਆਂ ਦੀ ਮਦਦ ਕੀਤੀ। ਇਸ ਵਿਚ ਉਸ ਵੇਲੇ ਦੇ ਕਮਿਊਨਿਸਟਾਂ ਦਾ ਬਹੁਤ ਵੱਡਾ ਯੋਗਦਾਨ ਸੀ। ਉਨ੍ਹਾਂ ਨੇ ਨਾ ਸਿਰਫ਼ ਆਪਣੇ ਪ੍ਰਭਾਵ ਵਾਲੇ ਪਿੰਡਾਂ ਵਿਚ ਫਸਾਦਾਂ ਨੂੰ ਰੋਕਿਆ ਬਲਕਿ ਆਪਣੇ ਸਾਧਨ ਤੇ ਰਸੂਖ ਵਰਤ ਕੇ ਮੁਸਲਿਮ ਪਰਿਵਾਰਾਂ ਦੀ ਸੁਰੱਖਿਅਤ ਨਿਕਾਸੀ ਵੀ ਕਰਵਾਈ। ਅਜਿਹੇ ਇਕ ਸਿਲਸਿਲੇ ਵਿਚ ਛੱਜਲਵੱਢੀ ਦੇ ਕਾਮਰੇਡ ਗਹਿਲ ਸਿੰਘ ਨੂੰ ਆਪਣੀ ਜਾਨ ਦੀ ਕੁਰਬਾਨੀ ਦੇਣੀ ਪਈ। ਇਸ ਤਰ੍ਹਾਂ ਦੀਆਂ ਇਨਸਾਨ ਦੋਸਤ ਸ਼ਖ਼ਸੀਅਤਾਂ ਦੀਆਂ ਪੂਰਬੀ ਅਤੇ ਪੱਛਮੀ ਪੰਜਾਬ ਵਿਚ ਬਹੁਤ ਮਿਸਾਲਾਂ ਹਨ।

ਇਨਸਾਨੀਅਤ ਦੀ ਮਿਸਾਲ ਕਾਇਮ ਰੱਖਣ ਵਿਚ ਚੱਕਰ ਕੌਰ ਸਿੰਘ ਦੀ ਭੂਮਿਕਾ ਬੜੀ ਵੱਡੀ ਸੀ। 1951 ਵਿਚ ਉਸ ਨੇ ਪਾਕਿਸਤਾਨ ਦੇ ਕਬਜ਼ੇ ਵਾਲੇ ਕਸ਼ਮੀਰ ਦੇ ਮੁਜ਼ੱਫ਼ਰਾਬਾਦ ਵਿਚ ਅਮੋਰ ਕੈਂਪ ਤੋਂ 1600 ਹਿੰਦੂ ਸਿੱਖ ਲੜਕੀਆਂ ਨੂੰ ਬੜੀ ਸੂਝ-ਬੂਝ ਨਾਲ ਛੁੜਵਾ ਕੇ ਹਿੰਦੋਸਤਾਨ ਲਿਆਂਦਾ ਤੇ ਇਧਰੋਂ ਮੁਸਲਿਮ ਲੜਕੀਆਂ ਦੀ ਬਰਾਮਦਗੀ ਕਰਵਾ ਕੇ ਉਨ੍ਹਾ ਨੂੰ ਪਾਕਿਸਤਾਨ ਭੇਜਿਆ। ਅਜਿਹਾ ਅਮਲ ਪੱਛਮੀ ਪੰਜਾਬ ਦੇ ਬਹੁਤ ਸਾਰੇ ਰਹਿਮ ਦਿਲ ਅਫ਼ਸਰਾਂ ਦੀ ਸਹਾਇਤਾ ਤੋਂ ਬਿਨਾਂ ਮੁਮਕਿਨ ਨਹੀਂ ਸੀ। ਹੈਵਾਨੀਅਤ ਦੇ ਇਸ ਹਨੇਰੇ ਵਿਚ ਇਨਸਾਨੀਅਤ ਦਾ ਪੱਲਾ ਫੜ੍ਹਨ ਵਾਲੇ ਲੋਕ ਝੁੱਲਦੇ ਝੱਖੜ ਵਿਚ ਦੀਵਾ ਜਗਾ ਕੇ ਬਨੇਰਿਆਂ ਉੱਪਰ ਰੱਖਣ ਦਾ ਯਤਨ ਕਰ ਰਹੇ ਸਨ। ਇਹ ਸਭ ਪੰਜਾਬ ਦੀ 'ਸ਼ਿੰਡਲਰਜ਼ ਲਿਸਟ' ਦੇ ਕਰਤਾ ਸਨ।


ISSN : 2395-1273

## ਉਜਾੜਾ ਅਤੇ ਵਸੇਬਾ

ਸੰਤਾਲੀ ਦੀ ਵੰਡ ਦੇ ਨਤੀਜੇ ਵੱਲੋਂ ਪੰਜਾਬ ਵਿਚ ਇਕ ਕਰੋੜ ਤੋਂ ਵੱਧ ਲੋਕਾਂ ਨੂੰ ਆਪਣੇ ਘਰ, ਜ਼ਮੀਨਾਂ, ਜਾਇਦਾਦ, ਧਰਮ ਅਸਥਾਨ ਛੱਡ ਕੇ ਉਜੜਨਾ ਪਿਆ। ਉ.ਐਚ.ਕੇ. ਸਪੇਟ ਨੇ ਇਸ ਨੂੰ ਵਿਸ਼ਵ ਇਤਿਹਾਸ ਵਿਚ ਅਬਾਦੀ ਦਾ ਸਭ ਤੋਂ ਵੱਡਾ ਉਜਾੜਾ ਦੱਸਿਆ। ਉਜਾੜੇ ਦੀ ਅਸਲ ਭਿਆਨਕਤਾ ਇਸ ਦੇ ਅਚਨਚੇਤੀ ਵਾਪਰਨ ਵਿਚ ਸੀ। ਲੋਕ ਪਾਕਿਸਤਾਨ ਦੀ ਕਾਇਮੀ ਲਈ ਤਿਆਰ ਸਨ, ਦੇਸ਼ ਵੰਡ ਲਈ ਤਿਆਰ ਸਨ, ਅੰਗਰੇਜ਼ਾਂ ਦੇ ਹਿੰਦੁਸਤਾਨ ਛੱਡ ਜਾਣ ਲਈ ਵੀ ਤਿਆਰ ਸਨ, ਪਰ ਉਜਾੜਾ ਉਨ੍ਹਾਂ ਦੀ ਚਿੱਤ ਚੇਤੇ ਵੀ ਨਹੀਂ ਸੀ। ਇਹ ਤਾਂ ਪਤਾ ਸੀ ਕਿ ਪਾਕਿਸਤਾਨ ਮੁਸਲਮਾਨਾਂ ਦਾ ਦੇਸ਼ ਹੋਵੇਗਾ, ਪਰ ਇਹ ਨਹੀਂ ਪਤਾ ਸੀ ਕਿ ਇਹ ਹਿੰਦੂਆਂ ਅਤੇ ਸਿੱਖਾਂ ਦਾ ਦੇਸ਼ ਨਹੀਂ ਰਹੇਗਾ। ਇਹ ਵੀ ਨਹੀਂ ਪਤਾ ਸੀ ਕਿ ਸੰਤਾਲੀ ਫ਼ੀਸਦੀ ਮੁਸਲਮਾਨ ਅਬਾਦੀ ਵਾਲੇ ਅੰਮ੍ਰਿਤਸਰ ਤੇ ਚਾਲੀ ਫ਼ੀਸਦੀ ਮੁਸਲਮ ਆਬਾਦੀ ਵਾਲੇ ਪੂਰਬੀ ਪੰਜਾਬ ਵਿਚ ਮੁਸਲਮਾਨਾਂ ਦੀ ਕੋਈ ਥਾਂ ਨਹੀਂ ਹੋਵੇਗੀ। ਪਰ ਇੰਞ ਵਾਪਰਿਆ ਅਤੇ ਅਗਸਤ, ਸਤੰਬਰ, ਅਕਤੂਬਰ ਦੇ ਤਿੰਨ ਮਹੀਨਿਆਂ ਦੇ ਥੋੜ੍ਹੇ ਜਿਹੇ ਸਮੇਂ ਵਿਚ ਵਾਪਰਿਆ। ਉਜਾੜੇ ਦਾ ਪੈਮਾਨਾ ਬਹੁਤ ਵੱਡਾ ਸੀ। ਲੱਖਾਂ ਲੋਕ ਪਹਿਲਾਂ ਸ਼ਰਨਾਰਥੀ ਕੈਂਪਾਂ ਵਿਚ ਇਕੱਠੇ ਕੀਤੇ ਜਾਂਦੇ ਸਨ ਤੇ ਫਿਰ ਉਨ੍ਹਾਂ ਨੂੰ ਕਾਫਲਿਆਂ, ਰੇਲਾਂ ਆਦਿ ਰਾਹੀਂ ਪੂਰਬੀ ਜਾਂ ਪੱਛਮੀ ਪੰਜਾਬ ਵਿਚ ਭੇਜਿਆ ਜਾਂਦਾ ਸੀ। ਆਪੋ-ਆਪਣੇ ਧਰਮ ਦੇ ਪੰਜਾਬ ਵਿਚ ਪਹੁੰਚ ਕੇ ਫਿਰ ਉਨ੍ਹਾਂ ਨੂੰ ਰਿਫ਼ਿਊਜੀ ਕੈਂਪਾਂ ਵਿਚ ਰਹਿਣਾ ਪੈਂਦਾ ਸੀ। ਲੋਕਾਂ ਦੀ ਜਾਨ-ਮਾਲ ਦੀ ਰਾਖੀ ਕਰਨ ਵਾਲਾ ਰਾਜ ਤਾਸ਼ ਦੇ ਪੱਤਿਆਂ ਵਾਂਗ ਢਹਿ ਗਿਆ ਸੀ। ਪੰਜਾਬ ਦੇ ਗਵਰਨਰ ਜੈਨਕਿਨਜ਼ ਨੇ ਲਿਖਿਆ ਸੀ, ਕਿ ਹਰ ਅੰਗਰੇਜ਼ ਅਫ਼ਸਰ ਪੰਜਾਬ ਵਿਚੋਂ ਪਹਿਲਾ ਮੌਕਾ ਮਿਲਦਿਆਂ ਹੀ ਨਿਕਲ ਜਾਣਾ ਚਾਹੁੰਦਾ ਹੈ।

ਉਜਾੜਾ ਇਕ ਅਚਿੰਤੇ ਬਾਜ਼ ਵਾਂਗ ਪਿਆ ਸੀ। ਲੋਕ ਇਸ ਲਈ ਬਿਲਕੁਲ ਤਿਆਰ ਨਹੀਂ ਸਨ। ਮਹਿੰਦਰ ਸਿੰਘ ਰੰਧਾਵਾ ਅਨੁਸਾਰ ਜਿਹੜੇ ਕਿਸਾਨ ਸਵੇਰੇ ਫ਼ਸਲ ਬੀਜ ਕੇ ਆਏ ਸਨ, ਸ਼ਾਮੀ ਉਨ੍ਹਾਂ ਨੂੰ ਪਰਿਵਾਰਾਂ ਨੂੰ ਨਾਲ ਲੈ ਕੇ ਗਠੜੀਆਂ ਉਠਾਕੇ ਭੱਜਣਾ ਪਿਆ।

ਉਜਾੜਾ ਭਾਵੇਂ ਅਚਨਚੇਤ ਸੀ, ਪਰ ਘਰ ਛੱਡਕੇ ਜਾ ਰਹੇ ਲੋਕਾਂ ਨੂੰ ਇਹ ਯਕੀਨ ਸੀ ਕਿ ਉਜਾੜਾ ਅਸਥਾਈ ਹੈ ਤੇ ਉਹ ਹਾਲਾਤ ਸੁਧਰਦਿਆਂ ਹੀ ਵਾਪਸ ਆ ਜਾਣਗੇ। ਇਸੇ ਲਈ ਉਹ ਆਪਣੇ ਕੀਮਤੀ ਸਾਮਾਨ ਦੀ ਅਮਾਨਤ ਆਪਣੇ ਹਮਸਾਇਆਂ ਨੂੰ ਸਪੁਰਦ ਕਰ ਗਏ ਸਨ। ਇਹ ਹਮਸਾਏ ਬਾਅਦ ਵਿਚ ਪੁਲੀਸ ਤੇ ਚੌਧਰੀਆਂ ਦੀ ਲੁਟ ਦਾ ਸ਼ਿਕਾਰ ਹੋਏ। ਅੱਜ ਵੀ ਪਾਕਿਸਤਾਨ ਵਿਚ ਐਸੇ ਗਰੋਹ ਹਨ ਜੋ ਹਿੰਦੂ-ਸਿੱਖਾਂ ਦੀਆਂ ਢਹਿੰਦੀਆਂ ਹਵੇਲੀਆਂ ਵਿਚ ਦੱਬੀ ਦੌਲਤ ਨੂੰ ਤਲਾਸ਼ ਕਰਨ ਦਾ ਕੰਮ ਕਰਦੇ ਹਨ।

ਲਾਇਲਪੁਰ ਅਤੇ ਸ਼ੇਖ਼ੂਪੁਰਾ ਦੇ ਸਿੱਖਾਂ ਨੇ ਉਜਾੜੇ ਦੀ ਹਕੀਕਤ ਨੂੰ ਪਰਵਾਨ ਕਰਨ ਤੋਂ ਇਨਕਾਰ ਕਰ ਦਿਤਾ ਸੀ। ਉਸ ਵੇਲੇ ਤਿੰਨ ਲੱਖ ਸਿੱਖ ਲਾਇਲਪੁਰ ਵਿਚ ਬੈਠੇ ਸਨ ਤੇ ਜਾਣ ਤੋਂ ਇਨਕਾਰੀ ਸਨ। ਚੂਹੜਕਾਣਾ ਵਿਚ ਡੇਢ ਲੱਖ ਸਿੱਖ ਇਕੱਠੇ ਹੋਏ ਬੈਠੇ ਸਨ। ਪੱਛਮੀ ਪੰਜਾਬ ਦੇ ਗਵਰਨਰ ਫਰਾਂਸਿਸ ਮੁੱਡੀ ਨੂੰ ਜਿਨਾਹ ਦੀ ਹਿਦਾਇਤਾਂ ਸਨ ਕਿ ਇਨ੍ਹਾਂ ਸਿੱਖਾਂ ਤੋਂ ਛੇਤੀ ਤੋਂ ਛੇਤੀ ਖਹਿੜਾ ਛੁਡਾਇਆ ਜਾਏ।

ਪੂਰਬੀ ਅਤੇ ਪੱਛਮੀ ਪੰਜਾਬ ਵਿਚ ਨਿਕਲ ਰਹੇ ਸ਼ਰਨਾਰਥੀਆਂ ਦੀ ਸਭ ਤੋਂ ਵੱਡੀ ਗਿਣਤੀ ਰੇਲਾਂ ਵਿਚ ਸਫ਼ਰ ਕਰ ਕੇ ਅਤੇ ਕਾਫ਼ਲਿਆਂ ਵਿਚ ਪੈਦਲ ਤੁਰਕੇ ਆਪਣੇ ਮੁਕਾਮ ਤੇ ਪਹੁੰਚੀ। 27 ਅਗਸਤ ਤੋਂ 6 ਨਵੰਬਰ 1947 ਤੱਕ 673 ਰੇਲ ਗੱਡੀਆਂ ਰਾਹੀਂ ਬਾਈ ਲੱਖ ਦੇ ਕਰੀਬ ਸ਼ਰਨਾਰਥੀਆਂ ਨੂੰ ਇਕ ਦੂਸਰੀ ਥਾਂ 'ਤੇ ਪਹੁੰਚਾਇਆ। ਇਨ੍ਹਾਂ ਵਿਚੋਂ ਕਈ ਰੇਲਾਂ ਮੁਰਦਿਆਂ ਦੀਆਂ ਗੱਡੀਆਂ ਸਾਬਤ ਹੋਈਆਂ। ਸਭ ਤੋਂ ਵੱਡੀ ਗਿਣਤੀ ਵਿਚ ਲੋਕਾਈ ਨੇ ਪੈਦਲ, ਕਾਫ਼ਲਿਆਂ ਵਿਚ ਆਪਣੇ ਦੇਸ਼ ਨੂੰ ਛੱਡਿਆ। 18 ਸਤੰਬਰ ਤੋਂ 29 ਅਕਤੂਬਰ ਦੇ 42 ਦਿਨਾਂ ਦੇ ਵਕਫ਼ੇ ਵਿਚ 24 ਕਾਫਲਿਆਂ ਵਿਚ ਚੱਲ ਕੇ 9 ਲੱਖ ਲੋਕ ਬਾਡਰ ਦੇ ਆਰ-ਪਾਰ ਗਏ।

ਉਜਾੜੇ ਤੇ ਵਸੇਬੇ ਦੀ ਕਹਾਣੀ ਨਾਲੋ-ਨਾਲ ਚੱਲ ਰਹੀ ਸੀ। ਪੂਰਬੀ ਪੰਜਾਬ ਵਿਚ 85 ਸ਼ਰਨਾਰਥੀ ਕੈਂਪ ਤੇ ਪੱਛਮੀ ਪੰਜਾਬ ਵਿਚ 75 ਕੈਂਪ ਸਨ। ਕੁਰੁਕਸ਼ੇਤਰ ਵਿਚ ਪੰਜ ਲੱਖ ਦੀ ਅਬਾਦੀ ਵਾਲਾ ਸਭ ਤੋਂ ਵੱਡਾ ਕੈਂਪ ਬਣਾਇਆ ਗਿਆ। ਪੂਰਬੀ ਪੰਜਾਬ ਵਿਚ ਦਿੱਲੀ ਸਮੇਤ ਬਾਰਾਂ ਲੱਖ ਸ਼ਰਨਾਰਥੀ ਕੈਂਪਾਂ ਵਿਚ ਰਹੇ। ਪਰ ਸਰਕਾਰ ਨੇ ਇਨ੍ਹਾਂ ਦੇ ਵਸੇਬੇ ਦੇ ਅਮਲ ਲਈ ਇਕ ਮੁੜ-ਵਸਾਊ ਮਹਿਕਮਾ ਬਣਾਇਆ। ਪੀ.ਐਨ. ਥਾਪਰ ਦੀ ਪ੍ਰਧਾਨਗੀ ਹੇਠ ਇਸ ਮਹਿਕਮੇ ਨੇ ਤਾਂ ਅਕਤੂਬਰ 1949 ਵਿਚ ਸਾਰੇ ਕੈਂਪਾਂ ਵਿਚਲੇ ਰਫਿਊਜੀ ਪਰਿਵਾਰਾਂ ਦਾ ਪੁਨਰਸਥਾਪਨ ਕਰ ਕੇ ਇਕ ਇਤਿਹਾਸਕ ਮਾਅਰਕਾ ਮਾਰਿਆ। ਤਰਲੋਕ ਸਿੰਘ ਆਈ.ਸੀ.ਐਸ. ਨੇ ਸਟੈਂਡਰਡ ਏਕੜ ਤੇ ਗਰੇਡਡ ਕੱਟ ਦੇ ਫਾਰਮੂਲੇ ਨਾਲ ਸ਼ਰਨਾਰਥੀਆਂ ਵਿਚ ਜ਼ਮੀਨ ਵੰਡ ਦਿੱਤੀ। ਪੱਛਮੀ ਪੰਜਾਬ ਵਿਚ 20 ਲੱਖ ਏਕੜ

ਵਾਧੂ ਹੋਣ ਕਾਰਨ ਹਰ ਸ਼ਰਨਾਰਥੀ ਪਰਿਵਾਰ ਜੋ ਕਾਸ਼ਤਕਾਰ ਰਿਹਾ ਸੀ, ਦੇ ਹਰ ਜੀਅ ਨੂੰ ਇਕ ਏਕੜ ਜ਼ਮੀਨ ਦਾ ਤੋਹਫ਼ਾ ਦੇਣ ਦਾ ਫੈਸਲਾ ਕੀਤਾ।

ਪੰਜਾਬੀ ਸ਼ਰਨਾਰਥੀਆਂ ਦੀ ਵੱਡੀ ਗਿਣਤੀ ਦਿੱਲੀ ਵਿਚ ਆਬਾਦ ਹੋਈ। ਮਿਰਜ਼ਾ ਗਾਲਿਬ ਦੀ ਦਿੱਲੀ ਦੀਆਂ ਗਲੀਆਂ ਵਿਚ ਹੁਣ ਉਰਦੂ ਨਹੀਂ ਪੋਠੋਹਾਰੀ, ਝਾਂਗੀ, ਮੁਲਤਾਨੀ ਸੁਣਾਈ ਦੇਣ ਲੱਗੀ। ਪੱਛਮੀ ਪੰਜਾਬ ਤੋਂ ਆਏ ਲੋਕਾਂ ਨੇ ਦਿੱਲੀ ਨੂੰ ਤਰੱਕੀ ਦੀ ਇਕ ਨਵੀਂ ਰਫ਼ਤਾਰ ਬਖਸ਼ੀ। ਇਨ੍ਹਾਂ ਦੀਆਂ ਕਾਮਯਾਬੀਆਂ ਮਿਸਾਲੀ ਸਨ। ਵਸੇਬੇ ਦੀਆਂ ਕਹਾਣੀਆਂ ਸਵੈ-ਮਾਣ ਦੀਆਂ ਕਹਾਣੀਆਂ ਸਨ। ਇਨ੍ਹਾਂ ਨੇ ਰਹਿਮ ਦੇ ਪਾਤਰ ਬਣਨ ਤੋਂ ਇਨਕਾਰ ਕਰ ਦਿੱਤਾ। ਅਖ਼ਬਾਰਾਂ ਵੇਚ ਰਹੇ ਇਕ ਰਫ਼ਿਊਜੀ ਬੱਚੇ ਨੂੰ ਕਿਸੇ ਨੇ ਰੁਪਈਏ ਦੀ ਭਾਨ ਰੱਖ ਲੈਣ ਲਈ ਆਖਿਆ ਤਾਂ ਉਸ ਨੇ ਰੋ ਕੇ ਜਵਾਬ ਦਿੱਤਾ ਸੀ, ਮੈਂ ਮੰਗਤਾ ਨਹੀਂ ਹਾਂ।

## ਸਿਮਰਤੀ ਤੇ ਬਿਰਤਾਂਤ

ਵੰਡ ਦਾ ਅਨੁਭਵ ਪੰਜਾਬ ਵਿਚ ਬਹੁਤ ਹੀ ਸ਼ਕਤੀਸ਼ਾਲੀ ਸਾਹਿਤਕ ਉਤਪਾਦਨ ਦਾ ਪ੍ਰੇਰਨਾ ਸਰੋਤ ਬਣਿਆ। ਕਵਿਤਾ, ਕਹਾਣੀ, ਨਾਵਲ, ਫਿਲਮ, ਪੇਂਟਿੰਗ ਅਨੇਕ ਤਰੀਕਿਆਂ ਨਾਲ ਪੰਜਾਬ ਦੇ ਹਿੰਦੀ, ਉਰਦੂ, ਪੰਜਾਬੀ ਅਤੇ ਅੰਗਰੇਜ਼ੀ ਲੇਖਕਾਂ ਨੇ ਵੰਡ ਦੇ ਅਨੁਭਵ ਨੂੰ ਕਲਮਬੱਧ ਕੀਤਾ। ਇਸ ਨਾਲ ਸਬੰਧਿਤ ਅਨੇਕ ਮੌਖਿਕ ਹਿਸਟਰੀ ਪ੍ਰਾਜੈਕਟ ਆਰੰਭ ਕੀਤੇ ਗਏ। ਵੰਡ ਬਾਰੇ ਮੌਖਿਕ ਬਿਰਤਾਂਤਾਂ ਨੂੰ ਇਕੱਠੇ ਕਰਨ ਦਾ ਪਹਿਲਾ ਸੁਚੇਤ ਉੱਦਮ ਉਰਵਸ਼ੀ ਬੁਟਾਲੀਆ ਨੇ ਆਪਣੀ ਕਿਰਤ 'ਦੀ ਅਦਰ ਸਾਈਡ ਆਫ਼ ਸਾਈਲੈਂਸ' ਵਿਚ ਕੀਤਾ। ਇਸ ਤਰ੍ਹਾਂ ਅਮਰੀਕਾ ਦੀ ਰਹਿਣ ਵਾਲੀ ਗੁਨੀਤਾ ਸਿੰਘ ਭੱਲਾ ਨੇ ਵੰਡ ਦੇ ਅਨੁਭਵ ਦੀ ਵਿਰਾਟਤਾ ਨੂੰ ਮਹਿਸੂਸ ਕਰਦਿਆਂ ਆਪਣਾ ਕੈਰੀਅਰ ਤਿਆਗ ਦਿੱਤਾ ਤੇ ਇਸ ਦੇ ਆਰਕਾਈਵ ਦੀ ਸਿਰਜਣਾ ਵਿਚ ਰੁੱਝ ਗਈ।

ਵੰਡ ਦੇ ਮੁੱਢਲੇ ਸਾਲਾਂ ਵਿਚ ਇਸ ਦੇ ਬਿਰਤਾਂਤ ਨੂੰ ਲੇਖਕਾਂ ਨੇ ਜ਼ਿਆਦਾ ਗਲਪ ਦੀ ਸ਼ਕਲ ਵਿਚ ਸਿਰਜਿਆ। ਔਰਤ ਉਪਰ ਢਾਹੀ ਵਹਿਸ਼ਤ, ਤੇ ਇਸ ਵਹਿਸ਼ਤ ਤੋਂ ਬਾਅਦ ਵੀ ਔਰਤ ਦੀ ਜਿਉਣ ਦੀ ਤਾਂਘ, ਪਰ ਉਸਦਾ ਇਸ ਗਹਿਰੇ ਦੁਖਾਂਤਕ ਅਨੁਭਵ ਨੂੰ ਸੀਨੇ ਦੀ ਗਹਿਰਾਈ ਵਿਚ ਲੁਕਾ ਕੇ ਜਿਊਣਾ, ਇਸ ਤਕਲੀਫ਼-ਦੇਹ ਪਹਿਲੂ ਨੇ ਅਨੇਕਾਂ ਰਚਨਾਵਾਂ ਤੇ ਫਿਲਮਾਂ ਨੂੰ ਜਨਮ ਦਿੱਤਾ। ਮੰਟੋ ਦੀ ਕਹਾਣੀ 'ਖੋਲ੍ਹ ਦੋ' ਦੀ ਪਾਤਰ ਸਕੀਨਾ ਮਹੀਨਿਆਂ ਤਕ ਸਮੂਹਿਕ ਜ਼ਬਰ-ਜਨਾਹ ਦੀ ਸ਼ਿਕਾਰ ਹੁੰਦੀ ਅਧਮੋਈ ਹੋ ਜਾਂਦੀ ਹੈ, ਬੇਹੋਸ਼ੀ ਦੇ ਆਲਮ ਵਿਚ ਉਸ ਨੂੰ ਇਕੋ ਆਵਾਜ਼ ਸੁਣਦੀ ਹੈ, ਖੋਲ੍ਹ ਦੋ। ਉਸ ਦਾ ਬੇਹੋਸ਼ੀ ਵਿਚ ਆਪਣਾ ਅਜ਼ਾਰਬੰਦ ਖੋਲ ਦੇਣਾ ਤੇ ਉਸਦੇ ਬੁੱਢੇ ਬਾਪ ਦਾ ਖੁਸ਼ੀ ਵਿਚ ਕੂਕਣਾ, ਜ਼ਿੰਦਾ ਹੈ, ਜ਼ਿੰਦਾ ਹੈ ਮੇਰੀ ਬੱਚੀ ਜ਼ਿੰਦਾ ਹੈ। ਹੈਵਾਨੀਅਤ ਦੀ ਮਾਰ ਤੇ ਜੀਵਨ ਦੀ ਤਾਂਘ ਤੇ ਬੁੱਢੇ ਬਾਪ ਦੀ ਆਪਣੀ ਧੀ ਲਈ ਪਿਆਰ ਦੀ ਪ੍ਰਬਲਤਾ ਅਜਿਹੇ ਦਿਲ ਹਲੂਣਵੇਂ ਬਿਰਤਾਂਤ ਸੰਸਾਰ ਸਾਹਿਤ ਵਿਚ ਕਿੰਨੇ ਕੁ ਮਿਲਣਗੇ?

ਕੁਲਵੰਤ ਸਿਘ ਵਿਰਕ ਦੀ ਕਹਾਣੀ 'ਖੱਬਲ' ਦੀ ਉਹ ਉਧਾਲੀ ਹੋਈ ਸਿੱਖ ਔਰਤ ਜੋ ਤਰਲਾ ਕਰਦੀ ਹੈ ਕਿ ਉਸ ਦੀ ਗਿਆਰਾਂ ਸਾਲਾਂ ਦੀ ਨਨਾਣ ਨੂੰ ਤਲਾਸ਼ ਕਰ ਕੇ ਉਸ ਕੋਲ ਸੌਂਪ ਦਿੱਤਾ ਜਾਵੇ। ਉਹ ਉਸ ਦਾ ਵਿਆਹ ਕਰੇਗੀ ਤੇ ਉਸ ਦੀਆਂ ਰਿਸ਼ਤੇਦਾਰੀਆਂ ਬਣਨਗੀਆਂ। ਸਭ ਕੁਝ ਗੁਆ ਕੇ, ਇਕ ਕੱਚੇ ਕੋਠੇ ਵਿਚ ਬੁਖ਼ਾਰ ਨਾਲ ਹੂੰਗਦੀ ਔਰਤ ਦੇ ਮੂੰਹੋਂ ਰਿਸ਼ਤਿਆਂ ਨੂੰ ਮੁੜ ਜ਼ਿੰਦਾ ਕਰਨ ਦੀ ਇਹ ਤਾਂਘ ਵਿਰਕ ਨੂੰ ਖੱਬਲ ਘਾਹ ਦੀ ਯਾਦ ਦਿਵਾਉਂਦੀ ਹੈ। ਪਰ ਵੰਢ ਦਾ ਇਹ ਸੰਤਾਪ ਜਰ ਗਈਆਂ ਔਰਤਾਂ ਨੂੰ ਪੰਜਾਹ ਸਾਲ ਬਾਅਦ ਦੁਬਾਰਾ ਇਸ ਸੰਤਾਪ ਵਿਚੋਂ ਗੁਜ਼ਰਨਾ ਪੈਂਦਾ ਹੈ ਜਦ ਉਨ੍ਹਾਂ ਦੇ ਪੁੱਤਰਾਂ ਨੂੰ ਪਤਾ ਲੱਗਦਾ ਹੈ, ਕਿ ਉਨ੍ਹਾਂ ਦੀ ਮਾਂ, ਮਾਂ ਨਹੀਂ ਕੋਈ ਹਿੰਦੂ, ਸਿੱਖ ਜਾਂ ਮੁਸਲਮਾਨ ਹੈ। ਅਜਿਹੀ ਸੂਰਤ ਵਿਚ ਖੁਦਕੁਸ਼ੀ ਕਰ ਜਾਣ ਵਾਲੀ ਇਕ ਸਿੱਖ ਮਾਂ ਦੀ ਕਹਾਣੀ 'ਖਾਮੋਸ਼ ਪਾਨੀ' ਨਾਂ ਦੀ ਫਿਲਮ ਵਿਚ ਬਿਆਨ ਕੀਤੀ ਗਈ।

ਵੰਡ ਦਾ ਅਨੁਭਵ ਇਕ ਤਰ੍ਹਾਂ ਨਾਲ ਹੇਠਲੀ ਉਤੇ ਆ ਜਾਣ ਦਾ ਅਨੁਭਵ ਸੀ। ਸਭ ਕੁਝ ਅਜੀਬ ਤਰੀਕੇ ਨਾਲ ਉਲਟ-ਪੁਲਟ ਹੋ ਗਿਆ ਸੀ ਤੇ ਇਸ ਖਿੱਤੇ ਵਿਚ ਮਨੁੱਖੀ ਸਭਿਅਤਾ ਦੀ ਬੁਨਿਆਦ ਹਿੱਲ ਗਈ ਸੀ। ਔਰਤਾਂ ਦੀ ਬਰਾਮਦਗੀ ਕਰਵਾਉਣ ਪਾਕਿਸਤਾਨ ਗਏ ਕੁਲਵੰਤ ਸਿੰਘ ਵਿਰਕ ਨੂੰ ਥਾਣਿਆਂ ਵਿਚ ਪਏ ਪੰਘੂੜੇ, ਤਸਵੀਰਾਂ, ਸੋਫ਼ੇ ਤੇ ਭਾਂਡੇ ਕੁਥਾਵੇਂ ਪਏ ਜਾਪਦੇ ਹਨ। ਕਦੇ ਇਨ੍ਹਾਂ ਦੀ ਥਾਂ ਰਸੋਈਆਂ, ਬੈਠਕਾਂ ਵਿਚ ਹੁੰਦੀ ਸੀ। ਨਾ ਸਿਰਫ਼ ਮਨੁੱਖ ਅਤੇ ਚੀਜ਼ਾਂ ਹੀ ਆਪਣੇ ਥਾਉਂ ਤੋਂ ਹਿੱਲੀਆਂ ਸਨ ਬਲਕਿ ਸਮਾਜ ਵਿਚ ਠੀਕ ਗ਼ਲਤ ਦੀ ਸਮਝ ਵੀ ਸਿਰ ਪਰਨੇ ਖੜ੍ਹੋ ਗਈ ਸੀ। ਕਤਲ ਅਤੇ ਲੁੱਟ ਸਹਿਜ ਭਾਵੀ ਕਰਮ ਬਣ ਗਏ ਸਨ ਤੇ ਇਨਸਾਨੀਅਤ ਦੀ ਆਵਾਜ਼ ਨੂੰ ਬੜੀ ਨਾ-ਹੱਕੀ, ਬੜੀ ਗ਼ੈਰ-ਕੁਦਰਤੀ ਸਮਝਿਆ ਜਾ ਰਿਹਾ ਸੀ। ਪਤਵੰਤੇ ਲੋਕ ਕਾਤਲ ਬਣ ਗਏ ਸਨ ਤੇ ਚੋਰ,


www.sanvad.org
ISSN : 2395-1273

ਡਾਕੂ, ਪਾਗਲ ਅਤੇ ਝੱਲੇ ਲੋਕਾਂ ਵਿਚ ਇਨਸਾਨੀਅਤ ਜਾਗ ਪਈ ਸੀ। **ਟਰੇਨ ਟੂ ਪਾਕਿਸਤਾਨ** ਦਾ ਮੁਜ਼ਰਿਮ ਕਿਰਦਾਰ ਜੱਗਾ ਪਾਕਿਸਤਾਨ ਨੂੰ ਜਾਣ ਵਾਲੀ ਗੱਡੀ ਨੂੰ ਬਚਾਉਣ ਦੇ ਯਤਨ ਵਿਚ ਪੁਲ ਉਪਰ ਕੱਟ ਕੇ ਮਾਰਿਆ ਜਾਂਦਾ ਹੈ। 'ਟੋਬਾ ਟੇਕ ਸਿੰਘ' ਵਿਚ ਦੇਸ਼ ਇਕ ਪਾਗ਼ਲਖਾਨਾ ਬਣ ਗਿਆ ਜਾਪਦਾ ਹੈ ਤਾਂ ਪਾਗ਼ਲਖਾਨੇ ਦਾ ਇਕ ਪਾਗਲ ਟੋਬਾ ਟੇਕ ਸਿੰਘ ਊਲ-ਜਲੂਲ ਵਿਚੋਂ ਅਰਥ ਤਲਾਸ਼ ਕਰਨ ਦੀ ਕੋਸ਼ਿਸ਼ ਕਰਦਾ ਹੰਭ ਕੇ ਮਰ ਜਾਂਦਾ ਹੈ। ਜਿਸ ਵੇਲੇ ਹੋਸ਼ਮੰਦ ਲੋਕ ਰਾਵਲਪਿੰਡੀ ਵਿਚ ਨਿਕਾਸੀ ਲਈ ਆਏ ਡੈਕੋਟਾ ਜਹਾਜ਼ ਵਿਚ ਇਕ ਸੀਟ ਛੱਡਣ ਲਈ ਤਿਆਰ ਨਹੀਂ ਸਨ ਤਾਂ ਵਿਆਹੀ ਹੋਈ ਕਾਂਤਾ ਨੂੰ ਹਿੰਦੁਸਤਾਨ ਭੇਜਣ ਲਈ ਇਕ ਵਿਧਵਾ ਮਾਂ ਦਾ ਵਿਕਲਾਂਗ ਪੁੱਤਰ ਬਸੰਤ ਝੱਲਾ ਆਖਦਾ ਹੈ, ਮੈ ਦੇਸ਼ਾਂ ਆਪਣਾ ਟਿਕਟ, ਕਾਂਤਾ ਮੇਰੇ ਟਿਕਟ ਤੇ ਜਾਸੀ। ਉਹ ਆਪ ਉਥੇ ਰਹਿ ਕੇ ਮਾਰਿਆ ਜਾਂਦਾ ਹੈ। ਅਜਿਹਾ ਝੱਲਪੁਣਾ ਹੋਸ਼ਮੰਦ ਲੋਕ ਕਿਵੇਂ ਕਰ ਸਕਦੇ ਸਨ? ਮਹਿੰਦਰ ਸਿੰਘ ਸਰਨਾ ਦੀਆਂ ਬਹੁਤ ਸਾਰੀਆਂ ਲਿਖਤਾਂ ਵੰਡ ਦੇ ਬਹੁਤ ਸੂਖ਼ਮ ਬਿਰਤਾਂਤ ਦਾ ਸਰੋਤ ਹਨ।

ਸਆਦਤ ਹਸਨ ਮੰਟੋ, ਰਜਿੰਦਰ ਸਿੰਘ ਬੇਦੀ, ਕ੍ਰਿਸ਼ਨ ਚੰਦਰ, ਅੰਮ੍ਰਿਤਾ ਪ੍ਰੀਤਮ, ਨਾਨਕ ਸਿੰਘ, ਗੁਰਬਖ਼ਸ਼ ਸਿੰਘ ਪ੍ਰੀਤਲੜੀ, ਚਮਨ ਨਾਹਲ, ਮਹਿੰਦਰ ਸਿੰਘ ਸਰਨਾ, ਕਰਤਾਰ ਸਿੰਘ ਦੁੱਗਲ, ਭੀਸ਼ਮ ਸਾਹਨੀ, ਮੋਹਨ ਕਾਹਲੋਂ, ਸੁਖਵੰਤ ਕੌਰ ਮਾਨ ਨੇ ਵੰਡ ਬਾਰੇ ਇਕ ਤੋਂ ਵੱਧ ਵਾਰ ਲਿਖਿਆ। ਵੰਡ ਦੀਆਂ ਪੰਜਾਬੀ ਕਹਾਣੀਆਂ ਦਾ ਪਹਿਲਾ ਵੱਡਾ ਸੰਗ੍ਰਹਿ ਅੰਨਾ ਸ਼ੇਕਲੂਤਸਕਾ ਨੇ **ਸੰਤਾਲੀਨਾਮਾ** ਦੇ ਨਾਮ ਹੇਠ ਛਾਪਿਆ। ਅਮਰਜੀਤ ਚੰਦਨ ਦੁਆਰਾ ਸੰਪਾਦਿਤ **ਸੰਤਾਲੀ ਦੀ ਕਵਿਤਾ** ਦਾ ਸੰਗ੍ਰਹਿ ਛਪਾਈ ਅਧੀਨ ਹੈ। ਫੈਜ਼ ਅਹਿਮਦ ਫੈਜ਼ (ਯਹ ਦਾਗ਼ ਦਾਗ਼ ਉਜਾਲਾ), ਅੰਮ੍ਰਿਤਾ ਪ੍ਰੀਤਮ (ਅੱਜ ਆਖਾ ਵਾਰਸ ਸ਼ਾਹ ਨੂੰ), ਉਸਤਾਦ ਦਾਮਨ (ਲਾਲੀ ਅੱਖਾਂ ਦੀ ਇਹੋ ਪਈ ਦੱਸਦੀ ਏ), ਇਬਨੇ ਇੰਸ਼ਾ (ਇੰਸ਼ਾ ਜੀ ਉਠੋ ਅਬ ਕੂਚ ਕਰੋ) ਵੰਡ ਦੀ ਕਵਿਤਾ ਦਾ ਹਾਸਲ ਹਨ।

ਗਰਮ ਹਵਾ, ਔਰ ਇਨਸਾਨ ਮਰ ਗਿਆ, ਕਰਤਾਰ ਸਿੰਘ, ਪਿੰਜਰ, ਸ਼ਹੀਦ-ਏ-ਮੁਹੱਬਤ, ਟਰੇਨ ਟੂ ਪਾਕਿਸਤਾਨ, ਖਾਮੋਸ਼ ਪਾਣੀ, ਬੇਗਮ ਜਾਨ ਤੇ ਗੁਰਿੰਦਰ ਚੱਢਾ ਦੀ ਵਾਇਸਰਾਏ ਹਾਊਸ ਨਾਲ ਸਿਨੇਮਾ ਵੰਡ ਦੇ ਥੀਮ ਵੱਲ ਵਾਰ-ਵਾਰ ਪਰਤਦਾ ਹੈ। 'ਤਮਸ' ਇਸ ਦਾ ਸਭ ਤੋਂ ਚਰਚਿਤ ਟੀ.ਵੀ. ਸੀਰੀਅਲ ਰਿਹਾ ਹੈ। ਪ੍ਰਾਣ ਨਾਥ ਮਾਗੋ ਤੇ ਸ਼ਤੀਸ਼ ਗੁਜਰਾਲ ਨੇ ਵੰਡ ਬਾਰੇ ਦਿਲ ਹਲੂਣਵੇਂ ਚਿੱਤਰ ਬਣਾਏ ਹਨ। ਸੁਨੀਲ ਜਾਨਾ ਵੰਡ ਦਾ ਸਭ ਤੋਂ ਨੇੜੇ ਦਾ ਗਵਾਹ ਫੋਟੋਗ੍ਰਾਫ਼ਰ ਹੈ।

### ਸਿਆਸਤ ਅਤੇ ਵਿਰਾਸਤ

ਵੰਡ ਦੇ ਪਿੱਛੇ ਅਸਲ ਰਾਜਨੀਤਕ ਕਾਰਨ ਕੀ ਸਨ, ਇਹ ਹਾਲੇ ਤਕ ਸਪੱਸ਼ਟ ਨਹੀਂ। ਅੰਗਰੇਜ਼ਾਂ ਦੀ 'ਡਿਵਾਈਡ ਐਂਡ ਕੁਵਿੱਟ', ਨਹਿਰੂ-ਜਿਨਾਹ ਦੀ ਸੱਤਾ ਦੀ ਬੇਸਬਰੀ, ਦੋ ਕੌਮਾਂ ਦਾ ਸਿਧਾਂਤ ਤੇ ਪਤਾ ਨਹੀਂ ਕਿਹੜੀਆਂ-ਕਿਹੜੀਆਂ ਵਿਆਖਿਆਵਾਂ ਦੇ ਮਾਧਿਅਮ ਨਾਲ  ਇਸ ਇਤਿਹਾਸਕ ਤ੍ਰਾਸਦੀ ਦਾ ਭੇਤ ਖੋਹਲਣ ਦੇ ਯਤਨ ਕੀਤੇ ਜਾਂਦੇ ਹਨ। ਮਾਉਂਟਬੈਟਨ ਨੇ ਸੱਤਾ-ਬਦਲੀ ਦੀ ਤਰੀਕ ਨੂੰ ਪੂਰਾ ਇਕ ਸਾਲ ਅਗੇਤਾ ਕਿਉਂ ਕਰ ਲਿਆ, ਇਸ ਦਾ ਵੀ ਹਾਲੇ ਤਕ ਕੋਈ ਜੁਆਬ ਨਹੀਂ। ਇਕ ਵੱਖਰੇ ਦੇਸ਼ ਦੀ ਮੰਗ 1940 ਵਿਚ ਰੱਖੀ ਜਾਵੇ ਤੇ ਸੱਤਾਂ ਸਾਲਾਂ ਬਾਦ ਇਹ ਹਕੀਕਤ ਬਣ ਜਾਵੇ, ਇਸ ਤਰ੍ਹਾਂ ਦਾ ਅਚੰਭਾ ਵੀ ਕੌਮਾਂ ਦੇ ਇਤਿਹਾਸ ਵਿਚ ਕਿਧਰੇ ਘੱਟ-ਵੱਧ ਹੀ ਵਾਪਰਿਆ ਸੀ।

'ਵੰਡ ਦੀ ਅਸਲ ਕਹਾਣੀ' ਲਿਖਣ ਵਾਲੇ ਨਰਿੰਦਰ ਸਿੰਘ ਸਰੀਲਾ ਦੁਆਰਾ ਬ੍ਰਿਟੇਨ ਵਿਚ ਤਲਾਸ਼ੀਆਂ ਕੁਝ ਅਤਿ-ਗੁਪਤ ਫਾਈਲਾਂ ਅਨੁਸਾਰ ਭਾਰਤ-ਪਾਕਿ ਵੰਡ ਦੀ ਅਸਲ ਸਕੀਮ ਬ੍ਰਿਟੇਨ ਦੇ ਤਤਕਾਲੀਨ ਪ੍ਰਧਾਨ ਮੰਤਰੀ ਚਰਚਿਲ ਨੇ 1945 ਵਿਚ ਬਣਾ ਦਿੱਤੀ ਸੀ। ਉਹ ਮਹਿਸੂਸ ਕਰਦਾ ਸੀ ਕਿ ਅਖੰਡ ਭਾਰਤ ਨੂੰ ਅਜ਼ਾਦ ਕਰ ਦੇਣ ਦਾ ਅਰਥ ਸੀ, ਇਹ ਖਿੱਤਾ ਸਟਾਲਿਨ ਅੱਗੇ ਪਲੇਟ ਵਿਚ ਰੱਖਕੇ ਪਰੋਸ ਦੇਣਾ। ਬ੍ਰਿਟੇਨ ਨੂੰ 'ਰੂਸੀ ਰਿੱਛ' ਦਾ ਡਰ ਮਹਾਰਾਜਾ ਰਣਜੀਤ ਸਿੰਘ ਦੇ ਜ਼ਮਾਨਿਆਂ ਤੋਂ ਚੱਲਿਆ ਆ ਰਿਹਾ ਸੀ। ਇਸ ਨੂੰ 'ਗ੍ਰੇਟ ਗੇਮ' ਦੇ ਨਾਮ ਨਾਲ ਜਾਣਿਆ ਜਾਂਦਾ ਹੈ। ਰੁਦਯਾਰਡ ਕਿਪਲਿੰਗ ਦਾ ਮਸ਼ਹੂਰ ਨਾਵਲ **ਕਿਮ** ਇਸੇ ਸਮੇਂ ਦੀ ਕਹਾਣੀ ਹੈ। ਬ੍ਰਿਟੇਨ ਕਰਾਚੀ ਦੀ ਬੰਦਰਗਾਹ ਉਪਰ ਰੂਸੀ ਪ੍ਰਭਾਵ ਨੂੰ ਰੋਕਣਾ ਚਾਹੁੰਦਾ ਸੀ, ਇਸੇ ਲਈ ਉਹ ਪਾਕਿਸਤਾਨ ਦਾ ਨਿਰਮਾਣ ਕਰਕੇ ਇਸ ਨੂੰ ਬ੍ਰਿਟਿਸ਼ ਅਮਰੀਕੀ ਨਵ-ਬਸਤੀ ਬਣਾ ਦੇਣਾ ਚਾਹੁੰਦਾ ਸੀ। ਵੰਡ ਦੀਆਂ ਤਿਆਰੀਆਂ ਵਿਚ ਜਿਸ ਵੇਲੇ ਮਾਊਂਟਬੈਟਨ, ਨਹਿਰੂ-ਜਿਨਾਹ, ਮਾਸਟਰ ਤਾਰਾ ਸਿੰਘ ਆਦਿ ਕਿਪਲਿੰਗ ਦੇ **ਕਿਮ** ਵਾਂਗ ਨੱਠ-ਭੱਜ ਕਰ ਰਹੇ ਸਨ, ਖੁਦ ਨੂੰ ਹੋਣੀ ਦੇ ਕਰਤਾ ਸਮਝ ਰਹੇ ਸਨ, ਪਰ ਇਸ ਫਿਲਮ ਦੀ ਸਕਰਿਪਟ ਤਾਂ ਚਰਚਿਲ ਦੋ ਸਾਲ ਪਹਿਲਾਂ ਹੀ ਲਿਖ ਗਿਆ ਸੀ।

ਪਾਕਿਸਤਾਨ ਬਨਾਉਣ ਵੇਲੇ ਸਥਾਨਕ ਲੀਡਰਸ਼ਿਪ ਇਸ ਸਵਾਲ ਤੋਂ ਵੀ ਅਣਭਿਜ ਸੀ ਕਿ ਮੁਸਲਿਮ ਬਹੁ-ਗਿਣਤੀ ਰਾਜਾਂ ਨੂੰ ਇਕੱਠਾ ਕਰ ਕੇ ਬਣਾਇਆ ਇਹ ਖਿੱਤਾ ਆਉਣ ਵਾਲੇ ਸਮੇਂ ਵਿਚ ਇਲਾਕਾਈ ਸੁਰਖਿਆ ਦੀ ਦ੍ਰਿਸ਼ਟੀ ਤੋਂ ਕੀ ਭੂਮਿਕਾ ਨਿਭਾਵੇਗਾ?

ਅਗਸਤ 1947 ਵਿਚ ਜੋ ਪਾਕਿਸਤਾਨ ਬਣਿਆ, ਉਸ ਦੀ ਭੂਗੋਲਿਕ ਰਚਨਾ ਦੁਨੀਆ ਦੇ ਬਾਕੀ ਦੇਸ਼ਾਂ ਨਾਲੋਂ ਵਿਕੋਲੋਤਰੀ ਸੀ। ਇਕ ਦੇਸ਼ ਦੋ ਇਲਾਕਾਈ ਭਾਗਾਂ ਵਿਚ ਵੰਡਿਆ ਹੋਇਆ ਸੀ। ਪੱਛਮੀ ਪਾਕਿਸਤਾਨ ਅਤੇ ਪੂਰਬੀ ਪਾਕਿਸਤਾਨ ਦੋਹਵੇਂ ਇਕ ਦੂਸਰੇ ਤੋਂ ਇਕ ਹਜ਼ਾਰ ਮੀਲ ਦੀ ਦੂਰੀ 'ਤੇ ਸਨ। ਇਹ ਦੂਰੀ ਭੂਗੋਲਿਕ ਹੀ ਨਹੀਂ, ਨਸਲੀ, ਸੰਸਕ੍ਰਿਤਕ, ਆਰਥਿਕ ਤੇ ਭਾਸ਼ਾਈ ਵੀ ਸੀ। ਪੂਰਬੀ ਪਾਕਿਸਤਾਨ ਪੱਛਮੀ ਪਾਕਿਸਤਾਨ ਦੀ ਆਰਥਿਕ ਬਸਤੀ ਵਲੋਂ ਪਿਸ ਰਿਹਾ ਸੀ। ਪੂਰਬੀ ਪਾਕਿਸਤਾਨ ਦੀ ਪਟਸਨ ਦੇ ਨਿਰਯਾਤ ਵਿਚੋਂ ਕਮਾਈ ਵਿਦੇਸ਼ੀ ਪੂੰਜੀ ਨੂੰ ਪੱਛਮੀ ਪਾਕਿਸਤਾਨ ਹੜੱਪ ਕਰ ਲੈਂਦਾ ਸੀ। ਪਾਕਿਸਤਾਨ ਦੀ ਆਰਮੀ ਅਸਲ ਵਿਚ ਪੰਜਾਬ ਦੀ ਆਰਮੀ ਹੀ ਸੀ। ਪਾਕਿਸਤਾਨ ਬਣ ਤਾਂ ਗਿਆ ਪਰ ਪੱਛਮੀ-ਪੂਰਬੀ ਦੀ ਦੁਫੇੜ ਇਸ ਨੂੰ ਵਿਚਕਾਰੋਂ ਕਮਜ਼ੋਰ ਕਰਦੀ ਸੀ। ਇਸੇ ਲਈ 1971 ਦੀ ਜੰਗ ਤੋਂ ਬਾਅਦ ਪੂਰਬੀ ਪਾਕਿਸਤਾਨ ਇਕ ਸੁਤੰਤਰ ਦੇਸ਼ 'ਬੰਗਲਾਦੇਸ਼' ਬਣ ਗਿਆ, ਜਿਸ ਨੇ ਦੋ ਕੌਮਾਂ ਦੇ ਸਿਧਾਂਤ ਤੇ ਡੂੰਘੀ ਸੱਟ ਮਾਰੀ ਤੇ ਪਾਕਿਸਤਾਨ ਦੀ ਕੌਮੀ ਚੇਤਨਾ ਵਿਚ ਭਾਰਤ ਪ੍ਰਤੀ ਨਫ਼ਰਤ ਦੀ ਜੜ੍ਹਾਂ ਨੂੰ ਹੋਰ ਵੀ ਡੂੰਘਾ ਕੀਤਾ।

ਪਾਕਿਸਤਾਨ ਨੂੰ ਭੂਗੋਲਿਕ ਰਾਜਨੀਤੀ ਦੀ ਦ੍ਰਿਸ਼ਟੀ ਤੋਂ ਕੁਝ ਹੋਰ ਰਣਨੀਤਕ ਕਮਜ਼ੋਰੀਆਂ ਵੀ ਵਿਰਾਸਤ ਵਿਚ ਮਿਲੀਆਂ। ਇਕ ਸੀ ਰਣਨੀਤਕ ਗਹਿਰਾਈ ਦੀ ਕਮੀ ਲਾਹੌਰ ਤੋਂ ਖੈਬਰ ਦੱਰੇ ਤਕ ਜਾਂਦਿਆ ਪਾਕਿਸਤਾਨ ਦੀ ਰਣਨੀਤਕ ਗਹਿਰਾਈ ਕੇਵਲ ਸਾਢੇ ਪੰਜ ਸੌ ਕਿਲੋਮੀਟਰ ਹੈ। ਕਿਸੇ ਹਮਲੇ ਦੀ ਸੂਰਤ ਵਿਚ ਪਾਕਿਸਤਾਨ ਦੀ ਪਿਠ ਹਮੇਸ਼ਾ ਕੰਧ ਨਾਲ ਲੱਗ ਜਾਣ ਦੀ ਸੰਭਾਵਨਾ ਰਹਿੰਦੀ ਹੈ। ਕਬਜ਼ੇ ਵਾਲੇ ਕਸ਼ਮੀਰ ਦੀ ਅਣਹੋਂਦ ਵਿਚ ਪਾਕਿਸਤਾਨ ਕੋਲ  ਕੋਈ ਰਣਨੀਤਕ ਉਚਾਈ ਵੀ ਨਹੀਂ ਹੈ। ਅਜਿਹੀ ਸੂਰਤੇ ਹਾਲ ਵਿਚ ਪਾਕਿਸਤਾਨ ਵਿਚ ਸੁਰੱਖਿਅਤ ਦੀ ਸਥਾਈ ਭਾਵਨਾ ਕਦੇ ਵਿਕਸਤ ਨਹੀਂ ਹੋ ਸਕਦੀ। ਠੰਡੀ ਜੰਗ ਅਤੇ ਰੂਸ ਦੇ ਅਫਗਾਨ ਹਮਲੇ (1978) ਤੋਂ ਬਾਅਦ ਪਾਕਿਸਤਾਨ ਨੇ ਅਮਰੀਕਾ ਲਈ ਇਕ ਫਰੰਟ ਲਾਈਨ ਸਟੇਟ ਦੀ ਭੂਮਿਕਾ ਅਪਣਾ ਲੈਣ ਦੀ ਕਾਹਲੀ ਕੀਤੀ। ਇਸ ਸਿਲਸਿਲੇ ਵਿਚ ਸਾਊਦੀ ਧਨ ਅਤੇ ਵਹਾਬੀ ਇਸਲਾਮ ਪਾਕਿਸਤਾਨ ਵਿਚ ਆਪਣਾ ਪ੍ਰਭਾਵ ਵਧਾਉਣ ਲੱਗੇ। 9/11 ਤੋਂ ਬਾਅਦ ਵੀ ਪਾਕਿਸਤਾਨ ਅਮਰੀਕਾ ਦੀ ਅੱਤਵਾਦ ਵਿਰੁੱਧ ਲੜਾਈ ਦਾ ਸਪ੍ਰਿੰਗ ਬੋਰਡ ਬਣਿਆ। ਅੱਜ ਪਾਕਿਸਤਾਨ ਦੁਨੀਆ ਦੇ ਸਭ ਤੋਂ ਜ਼ਿਆਦਾ ਅੱਤਵਾਦ ਪ੍ਰਭਾਵਿਤ ਦੇਸ਼ਾਂ ਵਿਚੋਂ ਇਕ ਹੈ।

ਵੰਡ ਦਾ ਭਾਰਤ ਨੂੰ ਸੁਰੱਖਿਆ ਦੇ ਪੱਖ ਤੋਂ ਇਹ ਫਾਇਦਾ ਹੋਇਆ ਕਿ ਇਹ ਸਰਹੱਦੀ ਸੂਬੇ ਦੀ ਇਤਿਹਾਸਕ ਸਮੱਸਿਆ ਤੋਂ ਮੁਕਤ ਹੋ ਗਿਆ। ਭਾਰਤ ਦੀ ਪੱਛਮੀ ਸਰਹੱਦ ਕਸ਼ਮੀਰ ਨੂੰ ਛੱਡ ਕੇ ਸਾਰੀ ਮੈਦਾਨੀ ਹੈ। ਸ਼ੁਰੂ ਸ਼ੁਰੂ ਵਿਚ ਰੈਡਕਲਿਫ ਰੇਖਾ ਦੀ ਰਾਖੀ ਕਰਨ ਦੀ ਜ਼ਿੰਮੇਦਾਰੀ ਪੰਜਾਬ ਆਰਮਡ ਪੁਲੀਸ ਦੀ ਰਹੀ ਤੇ ਪੰਜਾਬ ਸਰਕਾਰ ਦੇਸ਼ ਦੀ ਸਰਹੱਦ ਦੀ ਰਾਖੀ ਦਾ ਖਰਚਾ ਉਠਾਉਂਦੀ ਰਹੀ। ਇਸ ਸਰਹੱਦ ਦਾ ਪੰਜਾਬ ਨੂੰ ਇਹ ਨੁਕਸਾਨ ਹੋਇਆ ਕਿ ਇਥੇ ਸਮਗਲਿੰਗ ਦੀ ਪਰਵਿਰਤੀ ਦਾ ਆਗਾਜ਼ ਹੋਇਆ।। ਸਰਹੱਦੀ ਜ਼ਿਲ੍ਹੇ ਸਮਗਲਿੰਗ ਲਈ ਉਸੇ ਤਰ੍ਹਾਂ ਜਾਣੇ ਜਾਣ ਲੱਗੇ ਜਿਵੇਂ ਗੋਆ ਟੂਰਿਸਟਾਂ ਲਈ ਜਾਣਿਆ ਜਾਂਦਾ ਹੈ। ਪਹਿਲਾਂ ਸੋਨਾ, ਫਿਰ ਹਥਿਆਰ ਤੇ ਫਿਰ ਹੈਰੋਇਨ ਦੀ ਸਮਗਲਿੰਗ ਨੇ ਪੰਜਾਬ ਦੇ ਹਰ ਪਹਿਲੂ ਨੂੰ ਪ੍ਰਭਾਵਿਤ ਕੀਤਾ। ਇਨ੍ਹਾਂ ਜਿਲ੍ਹਿਆਂ ਦਾ ਸਮਗਲਿੰਗ ਨੈੱਟਵਰਕ ਇਕ ਤਰ੍ਹਾਂ ਨਾਲ ਸਥਾਈ ਫੈਮਲੀ ਫਰਮ ਵਾਂਗ ਕੰਮ ਕਰਦਾ ਹੈ।

ਸੋ ਇਸ ਤਰ੍ਹਾਂ ਕਈ ਪੱਖਾਂ ਤੋਂ ਹਿੰਦ-ਪਾਕ ਦੀ ਵੰਡ ਦੀ ਵਿਰਾਸਤ ਬੜੀ ਗੁੰਝਲਦਾਰ ਹੈ, ਤੇ ਇਸ ਦੇ ਚਿਰ-ਸਥਾਈ ਪ੍ਰਭਾਵ ਰਹਿਣਗੇ।


**www.sanvad.org**
ISSN : 2395-1273